## ਪਹਿਲੀ ਉਦਾਸੀ, ਭਾਗ –6

# ਬੰਗਾਲ, ਅਸਾਮ, ਨਾਗਾਲੈਂਡ ਅਤੇ ਬੰਗਲਾਦੇਸ ਵਿਚ ਬਾਬਾ

{ਗੌੜ (ਮਾਲਦਾ) ਵਿਖੇ ਸੰਨ 1509 ਈ, ਅਸਾਮ 1510, ਪੂਰਬੀ ਬੰਗਾਲ 1511 ਈ, ਮਾਘ ਦੇਸ 1511, ਬਰਮਾ -1511}

ਪੂਰਬ ਵਿਚ ਉਦਾਸੀ ਰੂਟ - ਪਟਨਾ ➡ ਮੁੰਗੇਰ ➡ ਭਾਗਲਪੁਰ ➡ ਕੰਤ ਨਗਰ ➡ ਰਾਜ ਮਹਿਲ ➡ ਮਾਲਦਾ ➡ ਗੌੜ ॥ ਫਿਰ ਏਸੇ ਰੂਟ ਤੇ ਪਟਨਾ ਵਾਪਸੀ ॥ ਪਟਨਾ ➡ ਲਾਲਗੰਜ (ਵੈਸ਼ਾਲੀ) ➡ ਬੀਰਗੰਜ ➡ ਕਾਠਮੰਡੂ (ਸ਼ਿਵਰਾਤ੍ਰੀ 1510 ਈ.) ➡ ਜਨਕਪੁਰ ਇਲਾਕਾ ➡ ਬ੍ਰਾਹਖੇਤਰ ➡ ਸਿੱਕਮ ਦੇ ਮੱਠ ➡ ਭੂਟਾਨ ➡ ਦੁਬੜੀ ➡ ਜੋਗੀਗੁਫਾ ➡ ਗੁਹਾਟੀ ➡ ਗੜ੍ਹ ਦੌਲ ➡ ਬ੍ਰਹਮਕੁੰਡ ॥ ਵਾਪਸੀ ॥ ਬ੍ਰਹਮਕੁੰਡ ➡ ਸ਼ਿਵਸਾਗਰ ➡ ਦੀਮਾਪੁਰ ➡ ਸਿਲਹੱਟ ➡ ਢਾਕਾ ➡ ਦੇਵੀਪੁਰ ➡ ਚਿੱਟਾਗਾਂਗ (1511 ਈ) ➡ ਮਰਾਕ ਊ (ਮਾਘ ਦੇਸ ਅੱਜ ਬਰਮਾ ਵਿਚ) ➡ ਇੰਨ ਵਾ (ਮਾਂਡਲੇ-ਬਰਮਾ) ॥ ਵਾਪਸੀ ॥ ਜਗਨਨਾਥ ਪੁਰੀ ਬਰਾਸਤਾ ਕਲਕੱਤਾ (1512 ਈ)

ਜਿਵੇ ਪਿੱਛੇ ਵੀ ਜਿਕਰ ਆਇਆ ਹੈ ਕਿ ਦਿੱਲੀ ਦਾ ਸੁਲਤਾਨ ਸਿਕੰਦਰ ਲੋਧੀ ਮਜ਼੍ਹਬੀ ਜਨੂਨ ਕਰਕੇ ਬਦਨਾਮ ਸੀ ਅਤੇ ਗੈਰ ਮੁਸਲਮ ਲੋਕਾਂ ਤੇ ਅਥਾਹ ਜੁਲਮ ਕਰਕੇ ਅਗਲੇ ਨੂੰ ਮਜਬੂਰ ਕਰਦਾ ਸੀ ਕਿ ਉਹ ਮੁਸਲਮਾਨ ਬਣਨ। ਕਿਵੇ ਉਸ ਨੇ ਮਥੁਰਾ ਦੇ ਕ੍ਰਿਸ਼ਨ ਭਗਵਾਨ ਦੇ ਮਸ਼ਹੂਰ ਮੰਦਰ ਨੂੰ ਢੁਹਾ ਦਿੱਤਾ ਸੀ। ਫਿਰ ਇਕ ਵੇਰਾਂ ਮਥੁਰਾ ਦੇ ਘਾਟ ਤੇ ਨਾਈ ਅਤੇ ਜਿਹੜੇ ਹਿੰਦੂ ਸ਼ਰਧਾਲੂ ਮੁੰਡਨ ਕਰਵਾ ਰਹੇ ਸਨ, ਹੁਕਮ ਕਰਕੇ ਕਤਲ ਕਰਵਾ ਦਿਤੇ ਸਨ। ਇਤਹਾਸ 'ਚ ਆਉਦਾ ਹੈ ਕਿ ਇਕ ਵੇਰਾਂ ਸਿਕੰਦਰ ਲੋਧੀ ਨੂੰ ਖਬਰ ਮਿਲੀ ਕਿ ਲੱਖਾਂ ਹਿੰਦੂ ਕੁਰਖੇਤਰ ਦੇ ਮੇਲੇ ਤੇ ਹਾਜਰ ਹੋਣ ਜਾ ਰਹੇ ਨੇ। ਸੁਲਤਾਨ ਨੇ ਇਕ ਬੁੱਢੇ ਕਾਜੀ ਕੋਲੋਂ ਪੁੱਛਿਆ ਕਿ ਇਸ ਦਾ ਕੀ ਕੀਤਾ ਜਾਵੇ? ਤਾਂ ਕਾਜੀ ਕਹਿੰਦਾ ਹੈ ਬਾਦਸ਼ਾਹ ਸਲਾਮਤ ਇਹ ਵਰਤਾਰਾ ਹਿੰਦੂਆਂ ਦਾ ਮੁੱਢ ਕਦੀਮ ਤੋਂ ਚਲਦਾ ਆ ਰਿਹਾ ਹੈ ਇਹਨੂੰ ਬੰਦ ਕਰਨਾਂ ਹਕੂਮਤ ਪੱਖੋ ਗਲਤ ਹੋਵੇਗਾ। ਇਸ ਗਲ ਤੇ ਸੁਲਤਾਨ ਨੂੰ ਕਾਜੀ ਤੇ ਏਨਾ ਗੁੱਸਾ ਆ ਗਇਆ ਕਿ ਉਸਨੇ ਆਪਣਾ ਖੰਜਰ ਕਾਜੀ ਤੇ ਹੀ ਕੱਢ ਲਿਆ, ਅਖੇ "ਲਗਦਾ ਹੀ ਨਹੀ ਕਿ ਤੂੰ ਮੁਸਲਮਾਨ ਹੋਵੇ, ਜਿਹੜਾ ਤੈਨੂੰ ਕਾਫਰਾਂ ਨਾਲ ਹਮਦਰਦੀ ਹੈ।" ਕਾਜੀ ਨੇ ਮਾਫੀ ਮੰਗ ਕੇ ਜਾਨ ਛੁਡਾਈ। ਬਾਦਸ਼ਾਹ ਨੇ ਕੁਰੁਖੇਤਰ ਦਾ ਸਰੋਵਰ ਮਿੱਟੀ ਪੁਵਾ ਕੇ ਪੂਰ ਦਿੱਤਾ। ਗੁਰਬਾਣੀ ਇਸ ਗਲ ਦੀ ਸ਼ਾਹਦੀ ਭਰਦੀ ਹੈ ਕਿ ਹਿੰਦੂ ਮੇਲਿਆਂ ਅਤੇ ਕੁੰਭਾਂ ਤੇ ਜਾਣ ਵਾਲੇ ਸ਼ਰਧਾਲੂਆਂ ਕੋਲੋ ਜਜੀਆ ਲਿਆ ਜਾਂਦਾ ਸੀ। ਨਗਰਕੋਟ (ਕਾਂਗੜਾ) ਦੇ ਮੰਦਰ ਦੀ ਬੇਅਦਬੀ ਕਰਵਾ ਕੇ ਲਿੰਗ ਵਾਲਾ ਪੱਥਰ ਬੁੱਚੜਾਂ ਨੂੰ ਦੇ ਦਿਤਾ ਕਿ ਇਹਦੇ ਨਾਲ ਮੀਟ ਤੋਲਿਆ ਕਰੋ। ਮੰਦਰ ਤੇ ਜਿਹੜਾ ਖੂਬਸੂਰਤ ਤਾਂਬੇ ਦਾ ਛਤਰ ਝੁੱਲਦਾ ਹੁੰਦਾ ਸੀ ਉਹਦੇ ਕੌਲ ਬਣਵਾ ਕੇ ਮਸੀਤਾਂ 'ਚ ਰਖਾਏ ਤਾਂ ਕਿ ਨਿਮਾਜੀ ਇਨਾਂ ਵਿਚ ਪਾਣੀ ਪਾ ਕੇ ਆਪਣੇ ਹੱਥ ਪੈਰ ਧੋ ਸਕਣ। ਧੌਲਪੁਰ ਗਵਾਲੀਅਰ ਅਤੇ ਨਰਵੜ ਦੇ ਮੰਦਰ ਢੁਹਾ ਕੇ ਓਥੇ ਮਸੀਤਾਂ ਬਣਵਾ ਦਿੱਤੀਆਂ। ਜਦੋਂ ਉਹਨੇ ਧੌਲਪੁਰ ਤੇ ਜਿੱਤ ਹਾਸਲ ਕੀਤੀ ਤਾਂ ਐਨਾ ਖਰੂਦ ਕੀਤਾ ਕਿ ਲੁੱਟਮਾਰ ਦੇ ਨਾਲ ਨਾਲ ਛਾਂ-ਦਾਰ ਰੁੱਖ ਵੀ ਪੁੱਟਵਾ ਕੇ ਸੁੱਟ ਦਿਤੇ। ਜਿਹੜਾ ਬਸ਼ਿੰਦਾ ਅੱਗੇ ਆਏ ਸਭ ਨੂੰ ਅੰਨੇ ਵਾਹ ਕਤਲ ਕਰਵਾਈ ਜਾਵੇ।

ਮਨੁੱਖਤਾ ਦੇ ਪੈਗੰਬਰ ਗੁਰੂ ਨਾਨਕ ਨੂੰ ਸੁਲਤਾਨ ਦੀ ਇਹ ਸੋਚ ਬਹੁਤ ਚੁਭਦੀ ਸੀ। ਸਾਹਿਬ ਨੇ ਬਾਦਸ਼ਾਹ ਨੂੰ ਸਮਝਾਉਣ ਬੁਝਾਉਣ ਦੀ ਕੋਸ਼ਿਸ਼ ਕੀਤੀ ਪਰ ਕੱਟੜ ਮੌਲਾਣਿਆਂ ਗੁਰੂ ਸਾਹਿਬ ਦੀ ਮੁਖਾਲਫਤ ਕਰ ਦਿੱਤੀ। ਹੁਕਮ ਕਰ ਦਿੱਤਾ ਕਿ ਗੁਰੂ ਨਾਨਕ ਦੁਬਾਰਾ ਦਿੱਲੀ ਨਾਂ ਵੜੇ। ਉਹਨਾਂ ਦਾ ਵੱਸ ਚਲਦਾ ਤਾਂ ਗੁਰੂ ਸਾਹਿਬ ਨੂੰ ਖਤਮ ਕਰ ਦਿੰਦੇ ਪਰ ਸਾਹਿਬ ਦੀਆਂ ਚਮਤਕਾਰੀ ਤਾਕਤਾਂ ਅੱਗੇ ਉਹ ਨਿਹੱਥੇ ਮਹਿਸੂਸ ਕਰਦੇ ਸਨ।



ਕਈ ਕਿਲੋਮੀਟਰਾਂ 'ਚ ਫੈਲੇ ਗੌੜ ਦੇ ਖੰਡਰ ਕਹਾਣੀ ਦੱਸ ਰਹੇ ਨੇ ਕਿ ਇਸ ਨਾਸਵਾਨ ਸੰਸਾਰ ਵਿਚ ਕੁਝ ਵੀ ਸਥਾਈ ਨਹੀ। (ਫੋਟੋ ਧੰਨਵਾਦ : ਵਿੱਕੀਪੈਡੀਆ )

**ਗਉੜ ਬੰਗਾਲ**- ਐਨ ਉਹਨਾਂ ਹੀ ਦਿਨਾਂ ਵਿਚ ਬੰਗਾਲ ਵਿਚ ਵੀ ਮੁਸਲਮਾਨਾ ਹਕੂਮਤ ਸੀ ਜੋ ਹਿੰਦੁਸਤਾਨ ਤੋਂ ਬਿਲਕੁਲ ਅਜਾਦ ਵੀ ਸਨ ਤੇ ਦਿੱਲੀ ਦੀ ਫਿਰਕਾਪ੍ਰਸਤ ਹਕੂਮਤ ਦੀ ਸੋਚ ਦੇ ਵੀ ਬਿਲਕੁਲ ਉਲਟ। ਬੰਗਾਲ ਵਿਚ ਓਹਨੀ ਦਿਨੀਂ ਹੁਸੈਨ ਸ਼ਾਹੀ ਖਾਨਦਾਨ ਦਾ ਰਾਜ ਸੀ। ਇਸ ਤੋਂ ਪਹਿਲਾਂ ਇਥੇ ਇਲਿਆਸ ਸ਼ਾਹੀ ਖਾਨਦਾਨ ਦਾ ਰਾਜ ਸੀ। ਉਹ ਵੀ ਹਿੰਦੁਸਤਾਨ ਤੋਂ ਅਜਾਦ ਸਨ। ਇਥੇ 320 ਸਾਲ ਹਿੰਦੁਸਤਾਨ ਤੋਂ ਵੱਖਰੀ ਹਕੂਮਤ ਚਲਦੀ ਰਹੀ ਅਤੇ ਮੁਗਲ ਬਾਦਸ਼ਾਹ ਬਾਬਰ ਨੇ ਇਨੂੰ ਪਹਿਲੀ ਵਾਰ ਫਤਹਿ ਕੀਤਾ।

ਪੂਰਬ ਵਲ ਜਦੋਂ ਗੁਰੂ ਸਾਹਿਬ ਆਏ ਤਾਂ ਇਥੇ ਆ ਕੇ ਸਾਹਿਬ ਨੂੰ ਬੰਗਾਲ ਦੇ ਸਾਂਝੇ ਹੁਕਮਰਾਨਾਂ ਬਾਰੇ ਪਤਾ ਲੱਗਾ। ਬਿਹਾਰ ਵਿਚ ਜਦੋਂ ਸਾਹਿਬ ਫਿਰ ਰਹੇ ਸਨ ਤਾਂ ਓਦੋਂ ਹੀ ਉਹ ਗੌੜ ਗਏ । ਬੰਗਾਲ ਦਾ ਪੱਛਮੀ ਸ਼ਹਿਰ ਗੌੜ ਉਸ ਵੇਲੇ ਬੰਗਾਲ ਦੀ ਰਾਜਧਾਨੀ ਸੀ। ਇਹਦਾ ਨਾਂ ਲਖਨੌਟੀ ਵੀ ਚਲਦਾ ਸੀ। ਬਾਦਸ਼ਾਹ



**ਪਾਂਡੂਆ। ਫਿਰ ਕੀ ਹੋਇਆ ਸਿਰ ਤੇ ਛੱਤ ਨਹੀ ਬਚੀ। ਮਸੀਤ ਹੈ ਤਾਂ 600 ਸਾਲ ਪੁਰਾਣੀ।**

ਹਮਾਯੂ ਨੇ ਨਾਂ ਜੱਨਤਬਾਗ ਰੱਖਿਆ। ਓਹਨੀ ਦਿਨੀ ਇਕ ਫਰੀਆ ਸੂਸਾ ਨਾਂ ਦੇ ਪੁਰਤਗਾਲੀ ਯਾਤਰੀ ਨੇ ਜਦੋਂ ਇਹ ਨਗਰ ਵੇਖਿਆ ਤਾਂ ਬੜੀਆਂ ਤਾਰੀਫਾਂ ਕੀਤੀਆਂ। ਓਹਨੀ ਦਿਨੀ ਇਸ ਸ਼ਹਿਰ ਦੀ ਅਬਾਦੀ 12 ਲੱਖ ਸੀ।⊙ ਗੁਰਬਾਣੀ ਵਿਚ ਜਿਹੜਾ ਰਾਗ ਗਾਉੜੀ ਆਉਦਾ ਹੈ ਉਹਦਾ ਨਾਂ ਵੀ ਏਸੇ ਸ਼ਹਿਰ ਕਰਕੇ ਹੀ ਹੈ। ਉਦੋਂ ਬੰਗਾਲ ਨੂੰ ਗੌੜ ਦੇਸ ਵੀ ਕਹਿ ਦਿਤਾ ਜਾਂਦਾ ਸੀ। ਪੁਰਾਣੇ ਸਮਿਆਂ ਵਿਚ ਰਾਜਧਾਨੀ ਦੇ ਨਾਂ ਤੇ ਹੀ ਦੇਸ ਦਾ ਨਾਂ ਚਲਦਾ ਹੁੰਦਾ ਸੀ। ਜਿਵੇ ਲਹੌਰ ਸੂਬਾ, ਮੁਲਤਾਨ ਦੇਸ ਆਦਿ ਆਦਿ।

ਇਤਹਾਸਕਾਰਾਂ ਨੇ ਗੌੜ ਦੇ ਲਾਗੇ ਹੀ 30 ਕਿ.ਮੀ. ਉੱਤਰ (ਨਕਸ਼ਾ ਸੂਚਕ: 25.1333333, 88.1666667) ਹੋਰ ਵੀ ਸ਼ਾਹੀ ਖੰਡਰਾਤ ਪਾਏ ਨੇ ਤੇ ਪਤਾ ਲੱਗਾ ਹੈ ਕਿ ਗੌੜ ਦੀ ਪਹਿਲਾਂ ਰਾਜਧਾਨੀ ਪਾਂਡੂਆ (ਫਿਰੋਜਾਬਾਦ) ਦੇ ਸਥਾਨ ਤੇ ਸੀ। ਪਰ ਸੰਨ 1450 ਈ. ਵਿਚ ਦਰਿਆ ਗੰਗਾ ਦੇ ਵਹਾਅ ਨੇ ਸਿੱਧੀ ਸ਼ਾਹੀ ਮਹਿਲ ਨੂੰ ਹੀ ਆ ਟੱਕਰ ਮਾਰੀ ਤੇ ਮਹਿਲ ਦਾ ਨਾਮੋ ਨਿਸ਼ਾਨ ਮਿਟਾ ਦਿਤਾ ਸੀ। ਉਦੋਂ ਹੀ ਫਿਰ ਰਾਜਧਾਨੀ ਦੀ ਸਾਰੀ ਅਬਾਦੀ ਨੂੰ ਹਿਜਰਤ ਕਰਵਾ ਕੇ ਹੇਠਾਂ ਚੰਦਨਗੜ੍ਹ ਲਿਆਦਾ ਗਇਆ ਸੀ।

ਇਹਨਾਂ ਦੋਵਾਂ ਰਾਜਧਾਨੀ ਸ਼ਹਿਰਾਂ ਦੇ ਐਨ ਦਰਮਿਆਨ ਸੀ ਸ਼ਹਿਰ ਮਾਲਦਾ (ਪੁਰਾਣਾ)। ਪਾਂਡੂਆ ਤੋ 10 ਕਿ.ਮੀ ਦੱਖਣ ਅਤੇ ਗੌੜ ਤੋਂ 21 ਕਿ.ਮੀ. ਉੱਤਰ। ਸੋ ਨਵੀ ਤੇ ਪੁਰਾਣੀ ਰਾਜਧਾਨੀ ਦੇ ਵਿਚਕਾਰ ਹੋਣ ਕਰਕੇ ਮਾਲਦਾ ਸ਼ਹਿਰ ਦੀ ਆਪਣੀ ਅਹਿਮੀਅਤ ਹੋ ਗਈ।

ਸ਼ੇਰ ਸ਼ਾਹ ਸੂਰੀ ਨੇ ਗੌੜ ਸ਼ਹਿਰ ਨੂੰ ਲੁੱਟ ਪੁੱਟ ਫਨਾਹ ਕਰ ਦਿਤਾ ਸੀ। ਬਾਦ 1575 ਈ. ਇਥੇ ਪਲੇਗ ਫੈਲ ਗਈ ਜਿਸ ਕਰਕੇ ਲੋਕ ਇਥੋਂ ਹਿਜਰਤ ਕਰ ਗਏ। ਮਗਰੋਂ ਗੰਗਾ ਦਰਿਆ ਵੀ ਇਸ ਤੋਂ ਪਰੇ ਹਟ ਗਇਆ। ਗੌੜ ਅੱਜ ਦੇ ਮਾਲਦਾ ਸ਼ਹਿਰ ਤੋਂ ਐਨ ਦੱਖਣ ਵਿਚ 16 ਕਿ. ਮੀ ਦੀ ਦੂਰੀ ਤੇ ਸੀ। ਭਾਵ ਪੱਛਮੀ ਬੰਗਾਲ ਅਤੇ ਬੰਗਲਾਦੇਸ਼ ਦੀ ਸਰਹੱਦ ਤੇ। (ਨਕਸ਼ਾ ਸੂਚਕ 24°52′N 88°08′E)

**ਬਾਦਸ਼ਾਹ ਅਲਾਉਦੀਨ ਹੁਸੈਨ ਸ਼ਾਹ** -ਗੁਰੂ ਸਾਹਿਬ ਜਦੋਂ ਗੌੜ ਗਏ ਬੰਗਾਲ ਦਾ ਬਾਦਸ਼ਾਹ ਅਲਾਉਦੀਨ ਹੁਸੈਨ ਸ਼ਾਹ ਸੀ। ਜਨਮਸਾਖੀਆਂ ਤੋਂ ਏਨਾਂ ਤਾਂ ਪਤਾ ਨਹੀ ਲਗਦਾ ਕਿ ਸਾਹਿਬ ਦਾ ਮੇਲ ਇਥੇ ਗੌੜ ਵਿਚ ਉਹਦੇ ਨਾਲ ਹੋ ਸਕਿਆ ਕਿ ਨਹੀ। ਅੰਦਾਜ਼ਾ ਇਹੋ ਲਗਦਾ ਹੈ ਕਿ ਬਾਦਸ਼ਾਹ ਓਦੋਂ ਕਿਧਰੇ ਦੌਰੇ ਤੇ ਸੀ ਤੇ ਆਖੀਰ ਤੇ ਗੁਰੂ ਸਾਹਿਬ ਦਾ ਮੇਲ ਉਹਦੇ ਨਾਲ ਚਿੱਟਾਗਾਂਗ ਸ਼ਹਿਰ ਵਿਚ ਹੁੰਦਾ ਹੈ। ਲਗਪਗ ਉਹਨੀ ਦਿਨੀਂ ਹੀ ਚਿੱਟਾਗਾਂਗ ਵਿਖੇ ਪੁਰਤਗਾਲੀ ਸੌਦਾਗਰਾਂ ਨੂੰ ਬੰਗਾਲ ਵਿਚ ਵਪਾਰ ਦੀ ਖੁੱਲ ਦਿੱਤੀ ਗਈ ਸੀ। ਇਸ ਸੁਲਤਾਨ ਨੇ ਹਿੰਦੂ ਸਾਧੂ ਚੈਤੰਨਿਆ ਮਹਾਪ੍ਰਭੂ ਨੂੰ ਆਪਣਾ ਪ੍ਰਚਾਰ ਕਰਨ ਵਾਸਤੇ ਪੂਰੀ ਅਜਾਦੀ ਦਿੱਤੀ ਹੋਈ ਸੀ। ਇਹਦੀ ਸ਼ਖਸੀਅਤ ਤੇ ਏਨਾ ਕੁ ਦਾਗ ਲਗਦਾ ਹੈ ਕਿ ਜਦੋਂ ਇਸਨੇ ਉੜੀਸਾ ਤੇ ਹਮਲਾ ਕੀਤਾ ਤਾਂ ਇਸ ਦੇ ਕੁਝ ਜਰਨੈਲਾਂ ਨੇ ਇਕ ਦੋ ਮੰਦਰ ਢਾਹੇ ਸਨ।

ਜਨਮ ਸਾਖੀ ਬਾਲਾ ਵਿਚ ਚਿੱਟਾਗਾਂਗ ਵਿਖੇ ਜਿਸ ਬਾਦਸ਼ਾਹ ਨਾਲ ਗੁਰੂ ਸਾਹਿਬ ਦਾ ਮੇਲ ਹੁੰਦਾ ਹੈ ਉਹਦਾ ਨਾਂ ਸੁਧ੍ਰ ਸੈਨ ਦਿੱਤਾ ਹੈ। ਯਾਦ ਰਹੇ ਕਿ ਹੋਰਨੀਂ ਥਾਂਈ ਵੀ ਜਨਮ ਸਾਖੀ ਲਿਖਾਰੀਆਂ ਨੇ ਨਾਂ ਉਲਟ ਪੁਲਟ ਹੀ ਦਿਤੇ ਹੋਏ ਹਨ। ਕਿਉਕਿ ਉਨਾਂ ਸੁਣੀਆਂ ਸੁਣਾਈਆਂ ਗੱਲਾਂ ਲਿਖੀਆਂ ਹਨ ਜਿਸ ਕਰਕੇ ਨਾਵਾਂ 'ਚ ਬਹੁਤੀ ਥਾਂਈ ਗਲਤੀਆਂ ਮਿਲਦੀਆਂ ਹਨ। ਦੇਸਾਂ ਇਲਾਕਿਆਂ ਦੇ ਨਾਂ ਜਿਸ ਤਰਾਂ ਦਿੱਤੇ ਹਨ ਉਸ ਤੋਂ ਲਗਦਾ ਹੈ ਕਿ ਇਹ ਲਿਖਾਰੀ ਵਿਚਾਰੇ ਅਨਪੜ੍ਹ ਜਿਹੇ ਲੋਕ ਸਨ।

ਜਨਮ ਸਾਖੀ ਵਿਚ ਸਾਫ ਸਾਫ ਜਿਕਰ ਆਉਦਾ ਹੈ ਕਿ ਗੁਰੂ ਸਾਹਿਬ ਹੋਰਨਾਂ ਦੇਸਾਂ ਦੇ ਰਾਜਿਆਂ ਨੂੰ ਵੀ ਕਹਿ ਰਹੇ ਹਨ ਕਿ ਬਾਦਸ਼ਾਹ ਅਲਾਉਦੀਨ ਹੁਸੈਨ ਸ਼ਾਹ ਨਾਲ ਰਲ ਕੇ ਚਲੋ। ਇਥੋਂ ਤਕ ਕਿ ਇਕ ਥਾਂ ਇਕ ਰਾਜੇ ਨੂੰ ਉਪਦੇਸ਼ ਦਿੰਦੇ ਹਨ ਕਿ ਜੇ ਆਪਣਾ ਰਾਜ ਬਚਾਉਣਾ ਹੈ ਤਾਂ ਹੁਸੈਨ ਦੇ ਮੁਤਾਹਿਤ ਹੋ ਜਾਓ। ਇਸ ਤੋਂ ਸਾਫ ਨਜਰ ਆਉਦਾ ਹੈ ਕਿ ਗੁਰੂ ਸਾਹਿਬ ਬਾਦਸ਼ਾਹ ਅਲਾਉਦੀਨ ਹੁਸੈਨ ਸ਼ਾਹ ਤੋਂ ਉਮੀਦ ਕਰਦੇ ਸਨ ਕਿ ਉਹ ਤਗੜਾ ਹੋ ਕੇ ਇਕ ਦਿਨ ਦਿੱਲੀ ਫਤਹਿ ਕਰੇ ਤੇ ਜਨੂੰਨੀ ਫ਼ਿਰਕਾਪ੍ਰਸਤ ਹਾਕਮ ਦਾ ਕੰਮ ਤਮਾਮ ਕਰ ਦੇਵੇ।

ਬਾਲਾ ਜਨਮਸਾਖੀ ਦੀ ਇਹ ਬਹੁਤ ਵੱਡੀ ਗਵਾਹੀ ਹੈ ਕਿ ਗੁਰੂ ਸਾਹਿਬ ਹਿੰਦੁਸਤਾਨ ਦਾ ਤਖਤਾ ਪਲਟਣ ਦੇ ਹੱਕ ਵਿਚ ਸਨ।⊙ ਇਹੋ ਕਾਰਨ ਹੈ ਬਾਦ ਵਿਚ ਸਾਹਿਬ ਮੁਗਲ ਬਾਦਸ਼ਾਹ ਬਾਬਰ ਨੂੰ ਵੀ ਉਤਸ਼ਾਹ ਦਿੰਦੇ ਹਨ ਕਿ ਦਿੱਲੀ ਤੇ ਹਮਲਾ ਕਰੇ। ਪਰ ਬਾਦ ਵਿਚ ਜਦੋਂ ਬਾਬਰ ਦਾ ਜੁਲਮ ਦੇਖਦੇ ਹਨ ਤਾਂ ਵੀ ਦੁੱਖੀ ਹੁੰਦੇ ਹਨ। ਖੈਰ ਬਾਬਰ ਜਾਲਮ ਜਰੂਰ ਸੀ ਪਰ ਮਜ਼੍ਹਬੀ ਕੱਟੜਪਣ ਉਸ ਵਿਚ ਏਨਾ ਨਹੀ ਸੀ ਜਿੰਨਾ ਪਠਾਣ ਸੁਲਤਾਨਾਂ ਵਿਚ ਸੀ।

----◈-----

**ਪੈੜ ਸਰੋਤ**

ਬੰਗਾਲ ਦਾ ਇਹ ਪੱਛਮੀ ਹਿੱਸਾ ਨੇਪਾਲ ਦੀ ਉਦਾਸੀ ਤੋਂ ਪਹਿਲਾਂ ਗਾਹਿਆ ਸੀ।

ਗੌੜ ਅਤੇ ਪਾਂਡੂਆ:⊙ https://en.wikipedia.org/wiki/Gau%E1%B8%8Da_(city) https://www.livehistoryindia.com)

(ਤਸਵੀਰ ਲਈ ਧੰਨਵਾਦ: ਦੀਪਾਂਜਨ ਘੋਸ਼ ।

ਬਾਬਾ ਪਹੁੰਚਿਆ ਗਾਉੜੀ ਦੇਸ

## ਰਾਮ ਬਾਬੂ ਦੇ ਅੰਬ ਜਗਤ ਪ੍ਰਸਿੱਧ ਹੋ ਗਏ

ਪਟਨੇ ਵਾਲੇ ਪਾਸਿਓ ਰਵਾਨਾ ਹੋ, ਗੰਗਾ ਦੇ ਨਾਲ ਚਲ, ਲੋਕਾਂ ਨੂੰ ਮਿਥਹਾਸ ਬਾਬਤ ਸੁਚੇਤ ਕਰ ਕੇ, ਇਕ ਨਿਰੰਕਾਰ ਦੀ ਹੋਂਦ ਦ੍ਰਿੜਾ ਰਹੇ ਸਨ ਅਤੇ ਦੱਖਣ ਨੂੰ ਚਲਦੇ ਹੋਏ ਸ਼ਹਿਰ ਕੰਤ ਨਗਰ ਪਹੁੰਚੇ। ਇਥੇ ਗੰਗਾ ਨਦੀ ਵਿੱਚ ਉੱਤਰ ਤੋਂ ਦਰਿਆ ਕੋਸੀ ਆ ਮਿਲਦੀ ਹੈ ਅਤੇ ਬੜਾ ਹੀ ਵਿਸ਼ਾਲ ਟਾਪੂ ਬਣਦਾ ਹੈ। ਕੰਤ ਨਗਰ ਤੋਂ ਬੇੜੀ ਰਾਂਹੀ 100 ਕਿਲੋਮੀਟਰ ਦਾ ਸਫਰ ਕਰਕੇ ਰਾਜਮਹਿਲ ਪਹੁੰਚੇ ਤੇ ਓਥੇ ਭੋਲੀ ਭਾਲੀ ਜਨਤਾ ਨੂੰ ਕਰਮ ਕਾਂਡ ਦੇ ਜਾਲ ਵਿੱਚੋਂ ਕੱਢ ਕੇ ਨਿਰੰਕਾਰ ਦੇ ਸਤਿਨਾਮ ਨਾਲ ਜੋੜਿਆ। ਓਥੋ ਫਿਰ ਬੰਗਾਲ ਦੀ ਰਾਜਧਾਨੀ ਗੌੜ ਪਹੁੰਚੇ। ਇਥੇ ਪਹੁੰਚਣ ਦਾ ਗੁਰੂ ਸਾਹਿਬ ਦਾ ਨਿਸ਼ਾਨਾ ਬੰਗਾਲ ਦੇ ਬਾਦਸ਼ਾਹ ਅਲਾਉਦੀਨ ਹੁਸੈਨ ਸ਼ਾਹ ਨੂੰ ਮਿਲਣਾ ਸੀ ਤੇ ਨਾਲੇ ਗੌੜ ਵਿਖੇ ਦੋ ਪ੍ਰਸਿੱਧ ਸਿੱਧ-ਜੋਗੀ ਮੱਠ ਹੋਇਆ ਕਰਦੇ ਸਨ ਉਥੇ ਜਾ ਜੋਗੀਆਂ ਨੂੰ ਨਿਰੰਕਾਰ ਦੇ ਲੜ੍ਹ ਲਾਉਣਾ ਸੀ। ਗੌੜ ਵਿਖੇ ਸੂਫੀ ਮਤ ਵੀ ਜੋਰਾਂ ਤੇ ਸੀ। ਇਹ ਵੀ ਪਤਾ ਲਗਦਾ ਗੁਰੂ ਸਾਹਿਬ ਨੇ ਸੂਫੀਆਂ ਨਾਲ ਵੀ ਗੋਸਟਾਂ ਕੀਤੀਆਂ। ਜਦੋਂ ਗੁਰੂ ਸਾਹਿਬ ਇਥੇ ਪਹੁੰਚੇ ਗੌੜ ਸ਼ਹਿਰ ਪੂਰੇ ਜੋਬਨ ਤੇ ਸੀ।

ਜਦੋਂ ਗੁਰੂ ਸਾਹਿਬ ਗੌੜ ਵਿਖੇ ਬਿਰਾਜੇ ਹੋਏ ਸਨ ਤਾਂ ਰੂਹਾਨੀਅਤ ਨਾਲ ਲਗਾਅ ਰੱਖਣ ਵਾਲਾ ਇਕ ਬੰਗਾਲੀ ਨਾਮ ਰਾਮ ਬਾਬੂ ਉਹਨਾਂ ਨੂੰ ਆਪਣੇ ਸ਼ਹਿਰ ਮਾਲਦਾ ਲੈ ਆਇਆ। ਰਾਮ ਬਾਬੂ ਨੇ ਆਪਣੇ ਅੰਬਾਂ ਦੇ ਬਾਗ ਵਿਚ ਬਕਾਇਦਾ ਸਾਧੂ ਸੰਤਾਂ ਦੇ ਰਹਿਣ ਵਾਸਤੇ ਇਕ ਕੁਟੀਆ ਬਣਾਈ ਹੋਈ ਸੀ। ਰਾਮ ਬਾਬੂ ਸੀ ਵੀ ਇਲਾਕੇ ਦੀ ਪ੍ਰਸਿੱਧ ਸਖਸ਼ੀਅਤ ਸੀ, ਭਾਵ ਕੋਈ ਛੋਟਾ ਮੋਟਾ ਜਗੀਰਦਾਰ ਵਗੈਰਾ ਸਮਝ ਲਓ। ਜਿਵੇ ਲੋਕਾਈ ਨੂੰ ਪਤਾ ਲੱਗਾ ਕਿ ਇਕ ਜਾਣੀ ਜਾਣ ਮਹਾਤਮਾ ਰਾਮ ਬਾਬੂ ਦੇ ਬਾਗ ਵਿਚ ਆ ਟਿਕਿਆ ਹੈ, ਬੰਗਾਲੀ ਲੋਕ ਉਮੰਡ ਕੇ ਪੈ ਗਏ। ਰਾਮ ਬਾਬੂ ਦੀ ਕੁਟੀਆ ਵਿਖੇ ਤਾਂ ਮੇਲਾ ਹੀ ਲੱਗਾ ਰਹਿਣ ਲੱਗਾ।

ਇਤਹਾਸ ਵਿਚ ਆਉਦਾ ਹੈ ਕਿ ਓਹਨੀ ਦਿਨੀ ਬੰਗਾਲ ਖਾਸ ਕਰਕੇ ਗੌੜ ਦੀ ਕਪੜਾ ਸਨਅੱਤ ਸਿਖਰ ਤੇ ਸੀ। ਇਕ ਦਿਨ ਰਾਮ ਬਾਬੂ ਬੜੇ ਪਿਆਰ ਸਤਿਕਾਰ ਨਾਲ ਗੁਰੂ ਸਾਹਿਬ ਦੇ ਨਾਪ ਦੇ ਕਪੜੇ ਸਿਵਾ ਕੇ ਲੈ ਆਇਆ ਅਤੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਸਾਹਿਬ ਇਹ ਬਸਤ੍ਰ ਪ੍ਰਵਾਨ ਕਰੋ। ਧਿਆਨ ਰਹੇ ਗੁਰੂ ਸਾਹਿਬ ਕਦੀ ਸਿਰਫ ਲਗੋਟ 'ਚ ਹੀ ਰਹਿੰਦੇ ਸਨ। ਓਦੋਂ ਫਿਰ ਗੁਰੂ ਸਾਹਿਬ ਨੇ ਗਉੜੀ ਰਾਗ ਵਿਚ ਹੀ ਸ਼ਬਦ ਕਹਿ ਦਿਤਾ:-

ਚੋਆ ਚੰਦਨੁ ਅੰਕਿ ਚੜਾਵਉ ॥ ਪਾਟ ਪਟੰਬਰ ਪਹਿਰਿ ਹਢਾਵਉ ॥ ਬਿਨੁ ਹਰਿ ਨਾਮ ਕਹਾ ਸੁਖੁ ਪਾਵਉ ॥੧॥ ਕਿਆ ਪਹਿਰਉ ਕਿਆ ਓਢਿ ਦਿਖਾਵਉ ॥ ਬਿਨੁ ਜਗਦੀਸ ਕਹਾ ਸੁਖੁ ਪਾਵਉ ॥੧॥ ਰਹਾਉ ॥ ਕਾਨੀ ਕੁੰਡਲ ਗਲਿ ਮੋਤੀਅਨ ਕੀ ਮਾਲਾ ॥ ਲਾਲ ਨਿਹਾਲੀ ਫੂਲ ਗੁਲਾਲਾ ॥ ਬਿਨੁ ਜਗਦੀਸ ਕਹਾ ਸੁਖੁ ਭਾਲਾ ॥੨॥ ਨੈਨ ਸਲੋਨੀ ਸੁੰਦਰ ਨਾਰੀ ॥ ਖੋੜ ਸੀਗਾਰ ਕਰੈ ਅਤਿ ਪਿਆਰੀ ॥ ਬਿਨੁ ਜਗਦੀਸ ਭਜੇ ਨਿਤ ਖੁਆਰੀ ॥੩॥ ਦਰ ਘਰ ਮਹਲਾ ਸੇਜ ਸੁਖਾਲੀ ॥ ਅਹਿਨਿਸਿ ਫੂਲ ਬਿਛਾਵੈ ਮਾਲੀ ॥ ਬਿਨੁ ਹਰਿ ਨਾਮ ਸੁ ਦੇਹ ਦੁਖਾਲੀ ॥੪॥ ਹੈਵਰ ਗੈਵਰ ਨੇਜੇ ਵਾਜੇ ॥ ਲਸਕਰ ਨੇਬ ਖਵਾਸੀ ਪਾਜੇ ॥ ਬਿਨੁ ਜਗਦੀਸ ਝੂਠੇ ਦਿਵਾਜੇ ॥੫॥ ਸਿਧੁ ਕਹਾਵਉ ਰਿਧਿ ਸਿਧਿ ਬੁਲਾਵਉ ॥ ਤਾਜ ਕੁਲਹ ਸਿਰਿ ਛਤ੍ਰੁ ਬਨਾਵਉ ॥ ਬਿਨੁ ਜਗਦੀਸ ਕਹਾ ਸਚੁ ਪਾਵਉ ॥੬॥ ਖਾਨੁ ਮਲੂਕੁ ਕਹਾਵਉ ਰਾਜਾ ॥ ਅਬੇ ਤਬੇ ਕੂੜੇ ਹੈ ਪਾਜਾ ॥ ਬਿਨੁ ਗੁਰ ਸਬਦ ਨ ਸਵਰਸਿ ਕਾਜਾ ॥ ੭॥ ਹਉਮੈ ਮਮਤਾ ਗੁਰ ਸਬਦਿ ਵਿਸਾਰੀ ॥ ਗੁਰਮਤਿ ਜਾਨਿਆ ਰਿਦੈ ਮੁਰਾਰੀ ॥ ਪ੍ਰਣਵਤਿ ਨਾਨਕ ਸਰਣਿ ਤੁਮਾਰੀ ॥੮॥੧੦॥

ਗੁਰੂ ਸਾਹਿਬ ਤੇ ਇਸ ਪ੍ਰਕਾਰ ਰਾਮ ਬਾਬੂ ਅਤੇ ਜੁੜ ਚੁੱਕੀ ਲੋਕਾਈ ਨੂੰ ਉਪਦੇਸ਼ ਦਿਤਾ ਕਿ ਬੰਦਾ ਵਧੀਆ ਕਪੜੇ ਪਹਿਨ ਕੇ ਹੀ ਸੁੱਖੀ ਨਹੀ ਹੋ ਸਕਦਾ। ਸਾਨੂੰ ਸੁੱਖ ਦਾ ਰਾਜ ਸਮਝਣਾ ਪਾਉਗਾ। ਜਿਥੇ ਗੁਰੂ ਸਾਹਿਬ ਬਿਰਾਜੇ ਸਨ ਉਹ ਥਾਂ ਇਤਹਾਸਿਕ ਧਰਮਸਾਲ ਬਣ ਗਈ। ਰਾਮ ਬਾਬੂ ਨੇ ਇਲਾਕੇ ਵਿਚ ਗੁਰਮਤ ਦਾ ਖੂਬ ਪ੍ਰਚਾਰ ਕੀਤਾ। ਨੌਵੇ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਵੀ ਮਾਲਦਾ ਦੀ ਰਾਮ ਬਾਬੂ ਧਰਮਸਾਲ ਵਿਖੇ ਪਹੁੰਚੇ ਸਨ। ਰਾਮ ਬਾਬੂ ਦੀ ਕੁਟੀਆ ਵਾਲਾ ਸਥਾਨ ਅੱਜ ਕਲ੍ਹ ਗੁਰਦੁਆਰਾ ਗੁਰੂ ਕਾ ਬਾਗ ਕਹਾਉਦਾ ਹੈ।

ਮੰਨਿਆ ਜਾਂਦਾ ਹੈ ਕਿ ਜ਼ਿੱਦ ਕਰਕੇ ਲੰਮੇ ਸਮੇਂ ਲਈ ਰਾਮ ਬਾਬੂ ਨੇ ਗੁਰੂ ਸਾਹਿਬ ਨੂੰ ਆਪਣੇ ਕੋਲ ਰੱਖਿਆ। ਹੋ ਸਕਦੈ ਗੁਰੂ ਸਾਹਿਬ ਨੇ ਬਾਦਸ਼ਾਹ ਦੀ ਉਡੀਕ ਕੀਤੀ ਹੋਵੇ ਜੋ ਕਿਧਰੇ ਦੌਰੇ ਤੇ







ਮਾਲਦਾ (ਪੁਰਾਣਾ) ਵਿਖੇ 1.ਰਾਮ ਬਾਬੂ ਦੀ ਕੁੱਟੀਆ ਹੁਣ ਬਣ ਚੁੱਕੀ ਗੁਰਦੁਆਰਾ ਗੁਰੂ ਕਾ ਬਾਗ। 2. ਉਹ ਪੱਥਰ ਦੀ ਚੌਕੀ ਜਿਸ ਤੇ ਬਹਿ ਗੁਰੂ ਸਾਹਿਬ ਨੇ ਇਸਨਾਨ ਕੀਤਾ 3.ਪਾਣੀ ਵਾਲੀ ਗਾਗਰ ਜੋ ਸਾਹਿਬ ਨੇ ਇਸ਼ਨਾਨ ਵੇਲੇ ਵਰਤੀ। ਅੱਜ ਜਰ ਜਰ ਹੋ ਚੁੱਕੀ ਹੈ।4.ਜਿਸ ਖੂਹ ਤੇ ਇਸ਼ਨਾਨ ਕੀਤਾ ਸੀ। 5. ਨੌਵੇ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਦੀਆਂ ਤਿੰਨ ਤੇਗਾਂ ਭਾਵ ਕਿਰਪਾਨਾਂ। -(ਤਸਵੀਰਾਂ-ਹਰਦੀਪ ਸਿੰਘ)

ਗਇਆ ਹੋਵੇ। ਗਿਆਨੀ ਗਿਆਨ ਸਿੰਘ ਨੇ ਲਿਖਿਆ ਹੈ ਕਿ ਚਾਰ ਮਾਸ ਇਥੇ ਰਹੇ। ✦ ਜਿਸ ਬਾਗ ਵਿੱਚ ਠਹਿਰੇ ਸੇ ਓਹੋ ਅੰਬ ਚੂਸਣ ਵਾਸਤੇ ਸੌਂਪ ਦਿੱਤਾ। ਓਹੋ ਬਾਗ ਹੁਣ ਪੁਲੀਨ ਬਾਗ ਕਹਾਉਦਾ ਹੈ ਤੇ ਅੰਬ ਵੀ ਓਥੋਂ ਦੇ ਬੜੇ ਉਘੇ ਹਨ। ⊙

ਅੱਜ ਤਕ ਉਹ ਖੂਹ ਮੌਜੂਦ ਹੈ ਜਿਥੇ ਗੁਰੂ ਸਾਹਿਬ ਨੇ ਇਸ਼ਨਾਨ

ਪੈੜ ਸਫਾ

⊙ ਕੋਹਲੀ- 51 ਵੀ ਸਹਿਮਤ ਨੇ ਕਿ ਗੁਰੂ ਸਾਹਿਬ ਨੇ ਇਥੋਂ ਦੇ ਰਾਜਿਆਂ ਨੂੰ ਇਕੱਠਿਆਂ ਕਰਨ ਦੀ ਕੋਸ਼ਿਸ਼ ਕੀਤੀ।

ਕੀਤਾ ਤੇ ਉਹ ਪੱਥਰ ਦੀ ਫੱਟੀ ਜਾਂ ਚੌਕੀ ਜਿਸ ਤੇ ਬਹਿ ਇਸਨਾਨ ਕੀਤਾ। ਰਾਮ ਬਾਬੂ ਨੇ ਉਹ ਗਾਗਰ ਸਾਂਭ ਲਈ ਜਿਸ ਦੇ ਪਾਣੀ ਨਾਲ ਗੁਰੂ ਸਾਹਿਬ ਇਸ਼ਨਾਨ ਕਰਿਆ ਕਰਦੇ ਸਨ।

ਜਿਵੇ ਗੁਰੂ ਸਾਹਿਬ ਨੇ ਪਟਨੇ ਨੂੰ ਆਪਣਾ ਹੈਡ ਕਵਾਟਰ ਕੁਝ ਚਿਰ ਲਈ ਬਣਾਇਆ ਸੀ ਏਸੇ ਤਰਾਂ ਕੁਝ ਇਕ ਨਾਲ ਦੇ ਸ਼ਹਿਰਾਂ ਵਿਚ ਇਥੋਂ ਭਾਵ ਗੌੜ (ਮਾਲਦਾ) ਤੋਂ ਹੀ ਗਏ। ਗੌੜ ਰਾਜਧਾਨੀ ਅਤੇ ਓਹਨੀ ਦਿਨੀ ਬੰਗਾਲ ਦਾ ਸਭ ਤੋਂ ਪ੍ਰਸਿੱਧ ਸ਼ਹਿਰ ਸੀ ਸੋ ਹੋ ਸਕਦਾ ਚੈਤੰਨਿਆ ਮਹਾਂ ਪ੍ਰਭੂ ਦਾ ਗੁਰੂ ਸਾਹਿਬ ਨਾਲ ਮੇਲ ਏਸੇ ਸ਼ਹਿਰ ਵਿਚ ਹੀ ਹੋਇਆ ਹੋਵੇ।

----◈-----

## ਸੂਜਾ ਸਿੱਖ ਹੋਇਆ

## ਮਕਸੂਦਾਬਾਦ (ਮੁਰਸ਼ਿਦਾਬਾਦ) ਵਿਖੇ ਬਾਬਾ

ਗਿਆਨੀ ਜੀ ਨੇ ਲਿਖਿਆ ਹੈ ਕਿ ਓਥੋਂ ਅੱਗੇ ਫਿਰ ਮਕਸੂਦਾਬਾਦ (ਮੁਰਸ਼ਦਾਬਾਦ) "ਗੰਗਾ ਪਾਰ ਜਿੱਥੇ ਹੁਣ ਰੇਸ਼ਮ ਬੀਝਣ ਵਾਲੇ ਸਿੱਖਾਂ ਦੇ ਘਰ ਹਨ ਤੇ ਧਰਮਸਾਲਾ ਹੈ ਓਥੇ ਜਾ ਬਿਰਾਜੇ। ਬਹੁਤ ਲੋਕ ਸੇਵਕ ਬਣੇ। "

ਇਕ ਸੂਜਾ ਨਾਮੇ ਜੜੀਆ ਭਗਤ ਤਾਂ ਮਨ ਤਨ ਧੰਨ ਕਰਕੇ ਸਿੱਖ ਹੋ ਗਿਆ। ਓਸੇ ਦੀ ਓਲਾਦ ਤੇ ਸੰਗਤ ਸੂਜੇ ਭਗਤ ਦੀ ਬਣੀ ਹੋਈ ਹੈ। ਸੂਜੇ ਜੜੀਏ ਦੀ ਓਲਾਦ ਵਿਚੋਂ ਹੀ ਭਾਈ ਲੱਲੂ ਸਿੰਘ ਨੇ 1864 ਈ. ਇਕ ਮੰਜੀ, ਇਕ ਥਾਲ, 2 ਕੌਲ, ਇਕ ਗੜਵਾ, ਇਕ ਖਿਦਾਮਤ, ਇਕ ਗੁਲਾਬਦਾਨੀ, ਇਕ ਆਸਾ, ਇਹ ਸਭ ਚਾਂਦੀ ਦੇ ਬਣਵਾ ਕੇ ਪਟਣੇ ਗੁਰੂ ਘਰ ਵਿਚ ਅਰਦਾਸ ਕਰਵਾਏ ਸਨ।

ਕਿਹਾ ਜਾਂਦਾ ਹੈ ਕਿ ਜਦੋਂ ਸੂਜੇ ਜੜੀਏ ਨੂੰ ਗਿਆਨ ਪ੍ਰਾਪਤ ਹੋਇਆ ਤਾਂ ਉਹ ਗਾ ਉਠਿਆ

ਸਤਿਗੁਰੁ ਨਾਨਕ ਪਰਸਿਆ, ਸਭ ਪਾਪ ਬਿਨਾਸੇ॥
ਨਾਮ ਅਮੋਲਕ ਪਾਇਆ, ਕਾਰਜ ਭਏ ਰਾਸੇ॥
ਅਗਮ ਨਿਗਮ ਜਿਸ ਗਾਵਦੇ, ਸੋ ਸਤਗੁਰ ਏਹ॥
ਜਿਨ ਕੀ ਕਿਰਪਾ ਤੇ ਭਯੋ, ਮੈ ਮੁਕਤਿ ਸਦੇਹ॥
ਕਚਾ ਰੰਗ ਉਤਾਰ ਕੇ, ਸਚ ਰੰਗ ਚੜਾਇਆ॥
ਨਾਨਕ ਸਤਿਗੁਰ ਦਇਆ ਤੇ ਅਮਰਾਪਦ ਪਾਇਆ॥

ਸੂਜੇ ਦਾ ਇਹ ਗੀਤ ਸੁਣਕੇ ਮਕਸੂਦਾਬਾਦ ਦੀ ਸੰਗਤ ਝੂਮ ਉਠਿਆ ਕਰਦੀ ਸੀ।

ਕਿਉਕਿ ਗੌੜ ਦੀ ਯਾਤਰਾ ਗੁਰੂ ਸਾਹਿਬ ਨੇ ਬਿਹਾਰ ਦੀ ਯਾਤਰਾ ਦੇ ਨਾਲ ਕੀਤੀ, ਲਗਦਾ ਹੈ ਕਿ ਇਥੋਂ ਫਿਰ ਬਿਹਾਰ ਦੇ ਕਿਸੇ ਸ਼ਹਿਰ ਵਿਚ ਗਏ ਤੇ ਫਿਰ ਪਟਨੇ ਵਲੋਂ ਹੁੰਦੇ ਹੋਏ ਉੱਤਰ ਨੇਪਾਲ ਨੂੰ ਗਏ। ਨੇਪਾਲ ਤੋਂ ਉੱਤਰ ਕੇ ਹੀ ਧੁਬਰੀ ਅਤੇ ਫਿਰ ਧੁਬਰੀ ਤੋਂ ਹੀ ਗੁਹਾਟੀ ਨੂੰ ਗਏ ਹੋਣਗੇ।

----◈-----

## ਧੁਬਰੀ ਅਸਾਮ 'ਚ ਬਾਬਾ ਨਾਨਕ

ਨੇਪਾਲ ਅਤੇ ਸਿੱਕਮ-ਭੂਟਾਨ ਦੇ ਬੋਧੀਆਂ ਅਤੇ ਜੋਗੀਆ ਨੂੰ ਇਕ ਨਿਰੰਕਾਰ ਦਾ ਗਿਆਨ ਕਰਵਾ ਕੇ ਗੁਰੂ ਸਾਹਿਬ ਧੁਬਰੀ ਪਹੁੰਚੇ। ਓਥੇ ਜੋ ਓਨਾਂ ਕੌਤਕ ਵਿਖਾਏ ਉਹ ਇਤਹਾਸ ਵਿੱਚ ਜਿਆਦਾ ਸਾਂਭੇ ਨਹੀ ਗਏ। ਪਰ ਏਨਾ ਜਿਕਰ ਮਿਲਦਾ ਹੈ ਕਿ ਓਥੋਂ ਦੀ ਰਾਣੀ ਗੁਰੂ ਸਾਹਿਬ ਨੂੰ ਸੁਣ ਕੇ ਪੱਥਰ ਪੂਜਾ ਤੇ ਭਗ ਪੂਜਾ ਛੱਡ ਗਈ। ਜਿਵੇ ਕਿ ਅਸਾਂ ਪਹਿਲਾਂ ਹੀ ਲਿਖਿਆ ਹੈ ਕਿ ਓਨੀ ਦਿਨੀ ਥਾਂਈ ਥਾਂਈ ਸਾਡੇ ਖੱਤਰੀ ਵੀਰ ਰਾਜਿਆਂ ਕੋਲ ਮੰਤਰੀ ਹੋਇਆ ਕਰਦੇ ਸਨ। ਲੱਗਦਾ ਕਿ ਧੁਬਰੀ ਦੀ ਰਾਣੀ ਵੀ ਕੋਈ ਪੰਜਾਬਣ ਹੋਵੇ।

ਏਸੇ ਰਾਣੀ ਦਾ ਪੋਤਰਾ ਰਾਜਾ ਰਾਮਦੇਉ ਨੌਵੇ ਗੁਰੂ ਸਾਹਿਬ ਦਾ ਸ਼ਰਧਾਲੂ ਬਨਿਆ ਤੇ ਜਿਸਦਾ ਪੁੱਤਰ ਰਤਨ ਦੇਉ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿੱਚ ਚਿੱਟੇ ਮੱਥੇ ਵਾਲਾ ਹਾਥੀ ਅਤੇ ਹੋਰ ਭੇਟਾਵਾਂ ਲੈ ਕੇ ਹਾਜਰ ਹੋਇਆ ਸੀ। ਏਸੇ ਦੇ ਨਾਂ ਤੇ ਨਾਗੇਸ਼ਵਰੀ ਲਾਗੇ ਕਸਬਾ ਰਤਨਪੁਰ ਮੌਜੂਦ ਹੈ।

ਧੁਬਰੀ ਤੋਂ ਗੁਰੂ ਸਾਹਿਬ ਪੂਰਬ ਵਲ ਨੂੰ ਨਿਕਲ ਗਏ।

ਕਈ ਇਤਹਾਸਕਾਰਾਂ ਨੇ ਜਾਦੂਗਰਨੀਆਂ ਦੀ ਸਾਖੀ ਧੁਬਰੀ ਵਿਖੇ ਹੋਣੀ ਦੱਸੀ ਹੈ। ਪਰ ਇਹ ਲੋਕ ਕੋਈ ਨਿਗਰ ਸਬੂਤ ਨਹੀ ਦੇ ਸਕੇ। ਇਸ ਕਰਕੇ ਧੰਨ ਪੁਰ ਮੰਨਣਾ ਹੀ ਠੀਕ ਹੈ।

----◈-----

## ਜੋਗੀਗੁਫਾ ਪਹੁੰਚਦਾ, ਭੈ ਭੀਤ ਹੋਇਆ ਮਰਦਾਨਾ✪

ਧੁਬਰੀ ਤੋਂ ਸਾਹਿਬ ਨੇ ਵਹਾਅ ਦੇ ਉਲਟ ਬ੍ਰਹਮਪੁਤ੍ਰ ਦਰਿਆ ਵਿਚ ਕੋਈ 60 ਕਿ. ਮੀ. ਸਫਰ ਕੀਤਾ। ਲਗਦਾ ਹੈ ਕਿ ਧੁਬਰੀ ਰਹਿੰਦਿਆਂ ਹੀ ਗੁਰੂ ਸਾਹਿਬ ਨੇ ਜੋਗੀਗੁਫਾ ਦੇ ਮਹੰਤ ਨੂੰ ਆਪਣੇ ਆਉਣ ਬਾਬਤ ਸੁਨੇਹਾ ਭੇਜ ਦਿਤਾ ਹੋਇਆ ਸੀ।

ਪੈੜ ਸਫਾ

ਗਿਆਨੀ-113

ਫੌਜਾ ਸਿੰਘ / ਕਿਰਪਾਲ ਸਿੰਘ ਨੇ ਮਾਲਦਾ ਤੋਂ ਸਿੱਧਾ ਧੁਬੜੀ ਨੂੰ ਜਾਣਾ ਲਿਖਿਆ ਹੈ।

ਜਦੋਂ ਕਿ ਕੋਹਲੀ ਨੇ ਗਿਆਨੀ ਦੇ ਅਧਾਰ ਤੇ ਮਾਲਦਾ ਤੋਂ ਸਿੱਧਾ ਢਾਕੇ ਵਲ ਜਾਂਣਾ ਲਿਖਿਆ ਹੈ। ਗਿਆਨੀ- 214 ਨੇ ਖੁੱਦ ਹੀ ਲਿਖਿਆ ਹੈ ਕਿ ਸਾਹਿਬ ਨੇਪਾਲ ਦੀ ਯਾਤਰਾ ਉਪਰੰਤ ਬ੍ਰਹਮਪੁੱਤਰ ਦੇ ਨਾਲ ਨਾਲ ਲਖੀਮਪੁਰ ਥਾਂਣੀ ਪੂਰਬ ਨੂੰ ਬ੍ਰਹਮ ਕੁੰਡ ਤਕ ਗਏ। ਧੁਬਰੀ ਤਾਂ ਇਸ ਪ੍ਰਕਾਰ ਰਸਤੇ ਵਿਚ ਹੀ ਪਵੇਗਾ ਤੇ ਨਾਲੇ ਗੁਹਾਟੀ। ਸੋ ਸਾਡਾ ਮੰਨਣਾ ਹੈ ਕਿ ਗੁਰੂ ਸਾਹਿਬ ਕਮੱਖਿਆ ਮੰਦਰ ਗੁਹਾਟੀ ਨੇਪਾਲ ਦੀ ਯਾਤਰਾ ਉਪਰੰਤ ਹੀ ਗਏ ਸਨ। ਸਾਹਿਬ ਦੀਆਂ ਯਾਤਰਾਵਾਂ ਨੂੰ ਸਹੀ ਸਮਝਣ ਲਈ ਮੌਜੂਦਾ ਰਾਜਨੀਤਕ ਸਰਹੱਦਾਂ ਨੂੰ ਨਜ਼ਰਅੰਦਾਜ਼ ਕਰਨਾ ਪਵੇਗਾ।।

ਗਿਆਨੀ-113 ਨੇ ਗੁਰੂ ਸਾਹਿਬ ਦਾ ਸਿਰਾਜਰੰਜ ਜਾਣਾ ਵੀ ਲਿਖਿਆ ਹੈ। ਯਾਦ ਰਹੇ ਸਿਰਾਜਰੰਜ ਸ਼ਹਿਰ ਦੀ ਨੀਂਹ ਜਿਮੀਦਾਰ ਸਿਰਾਜ ਅਲੀ 1762 ਈ. ਵਿਚ ਰੱਖੀ ਸੀ। ਏਸੇ ਤਰਾਂ ਕ੍ਰਿਸ਼ਨਾ ਨਗਰ (ਜਿਲਾ ਨਾਦੀਆ), ਮਾਣਿਕਰੰਜ ਅਤੇ ਸ਼ਹਿਜਾਦ ਪੁਰ ਕਸਬਾ ਸਾਨੂੰ ਨਹੀ ਲੱਗਦਾ ਕਿ ਗੁਰੂ ਸਾਹਿਬ ਦੇ ਵੇਲੇ ਕੋਈ ਐਨੀ ਅਹਿਮੀਅਤ ਰੱਖਦੇ ਹੋਣ ਕਿ ਗੁਰੂ ਸਾਹਿਬ ਆਪਣਾ ਰੂਟ (ਰਸਤਾ) ਬਦਲ ਕੇ ਇਧਰ ਨਦੀ ਪਾਰ ਆਉਦੇ। ਹਾ ਗਿਆਨੀ ਜੀ ਦੇ ਵੇਲਿਆਂ ਵਿਚ ਇਹ ਕਸਬੇ ਖਬਰਾਂ ਵਿਚ ਸਨ।

✚ ਗਿਆਨੀ -112 (ਔਧ ਅਮੂਮਨ ਵਧਾ ਚੜਾ ਕੇ ਹੀ ਦੱਸੀ ਜਾਂਦੀ ਹੈ। ਕਈ ਥਾਂਈ ਗੁਰੂ ਸਾਹਿਬ ਨੇ ਹਫਤਾ ਗੁਜਾਰਿਆ ਤਾਂ ਸਥਾਨਕ ਲੋਕਾਂ ਵਿਚ ਅੱਜ ਕਥਾ ਚਲਦੀ ਹੈ ਕਿ ਸਾਹਿਬ 9 ਮਹੀਨੇ ਠਹਿਰੇ ਸਨ। ਧਿਆਨ ਰਹੇ ਗੁਰੂ ਸਾਹਿਬ ਮਿਸ਼ਨ ਅਧੀਨ ਚਲ ਰਹੇ ਸਨ। ਉਹਨਾਂ ਦਾ ਨਿਸ਼ਾਨਾ ਵੱਧ ਤੋਂ ਵੱਧ ਲੋਕਾਂ ਨੂੰ ਨਿਰੰਕਾਰ ਨਾਲ ਜੋੜਨਾ ਸੀ।)




ਗੁਰਦੁਆਰਾ ਪਾਤਸ਼ਾਹੀ ਨੌਵੀ ਦੁਬਰੀ। ਇਸ ਅਸਥਾਨ ਦੇ ਮੂਲ ਵਿਚ ਗੁਰੂ ਨਾਨਕ ਪਾਤਸ਼ਾਹ ਦੀ ਆਮਦ ਹੀ ਹੈ। ਇਥੇ ਹੀ ਇਕ ਜਾਦੂਗਰਨੀ ਨੇ ਨੌਵੇ ਪਾਤਸ਼ਾਹ ਤੇ ਪੱਥਰ ਸੁੱਟਿਆ ਸੀ। ਜੋ ਅੱਜ ਤਕ ਮੌਜੂਦ ਹੈ ਤੇ ਇਤਹਾਸਿਕ ਰੁੱਖ ਵੀ।

ਧੁਬਰੀ ਤੋਂ ਜੋਗੀਗੁਫਾ ਦੇ ਰਸਤੇ ਬ੍ਰਹਮਪੁਤ੍ਰ ਦਰਿਆ ਕਿਤੇ ਕਿਤੇ 15 ਕਿ. ਮੀ ਚੌੜਾ ਹੋ ਜਾਂਦਾ ਹੈ। ਸੋ ਅੰਦਾਜ਼ਾ ਲਾਓ ਓਥੇ ਕਿੰਨਾ ਕੁ ਜਲ ਥਲ ਹੋਵੇਗਾ। ਜਰਾ ਸੋਚੋ ਇਹੋ ਜਿਹੀ ਥਾਂ ਤੇ ਜਾ ਬਾਬਾ ਪਹੁੰਚ ਜਾਏ ਤਾਂ ਵਿੱਚਾਰੇ ਮਰਦਾਨੇ ਦਾ ਜੀਅ ਤਾਂ ਡੁਬਨਾ ਹੀ ਹੋਇਆ। "ਬਾਬਾ ਕਿਥੇ ਲੈ ਆਇਐ, ਇਥੇ ਤਾਂ ਸਭ ਜਲ ਥਲ ਹੋਇਆ ਪਿਆ ਹੈ?" ਜਿਥੇ ਕੁ ਜਿਹੇ ਫਿਰ ਜੋਗੀਗੁਫਾ ਸੀ ਓਥੇ ਖੁਸ਼ਕਿਸਮਤੀ ਨਾਲ ਦਰਿਆ ਦਾ ਵਹਾਅ ਸਿਰਫ 2 ਕਿ. ਮੀ ਚੌੜਾ ਸੀ। ਮਲਾਹਾਂ ਨੇ ਗੁਰੂ ਸਾਹਿਬ ਤੇ ਮਰਦਾਨੇ ਨੂੰ ਜੋਗੀਗੁਫਾ ਪੱਤਣ ਤੇ ਲਾਹ ਦਿਤਾ। ਉਥੇ ਬੈਠੇ ਫਿਰ ਦੋਵੇ ਉਡੀਕ ਕਰ ਰਹੇ ਸਨ ਕਿ ਮਰਦਾਨਾ ਬੋਲ ਉਠਿਆ "ਬਾਬਾ ਆਪਾਂ ਚੋਰਾਂ ਡਾਕੂਆਂ ਰੁਹੇਲਿਆਂ ਤੋਂ ਤਾਂ ਕਿਸੇ ਤਰਾਂ ਬਚ ਗਏ ਸੀ, ਹੁਣ ਪਾਣੀ ਤੋਂ ਨਹੀ ਬਚਦੇ। ਇਥੇ ਜਲ ਥਲ ਤੋਂ ਸਿਵਾ ਕੁਝ ਨਜਰ ਹੀ ਨਹੀ ਆ ਰਿਹਾ। " ਯਾਦ ਰਹੇ ਇਹ ਉਹ ਥਾਂ ਹੈ ਜਿਥੋਂ ਅੱਗੇ ਫਿਰ ਬ੍ਰਹਮਪੁਤ੍ਰ ਚਾਰ ਪੰਜ ਸ਼ਰਿਆਂ ਵਿਚ ਵੰਡਿਆ ਜਾਂਦਾ ਹੈ।

ਗੁਰੂ ਸਾਹਿਬ ਨੇ ਮਰਦਾਨੇ ਨੂੰ ਕਿਹਾ ਭਾਈ ਤੂੰ ਸਿਧਾਂਤ ਭੁੱਲ ਗਇਆ ਏ?

**ਪਉੜੀ ॥ ਨਾਇ ਮੰਨਿਐ ਸੁਖੁ ਊਪਜੈ ਨਾਮੇ ਗਤਿ ਹੋਈ ॥ ਨਾਇ ਮੰਨਿਐ ਪਤਿ ਪਾਈਐ ਹਿਰਦੈ ਹਰਿ ਸੋਈ ॥ ਨਾਇ ਮੰਨਿਐ ਭਵਜਲੁ ਲੰਘੀਐ ਫਿਰਿ ਬਿਘਨੁ ਨ ਹੋਈ ॥ ਨਾਇ ਮੰਨਿਐ ਪੰਥੁ ਪਰਗਟਾ ਨਾਮੇ ਸਭ ਲੋਈ ॥ ਨਾਨਕ ਸਤਿਗੁਰਿ ਮਿਲਿਐ ਨਾਉ ਮੰਨੀਐ ਜਿਨ ਦੇਵੈ ਸੋਈ ॥**

ਗੁਰੂ ਸਾਹਿਬ ਨੇ ਮਰਦਾਨੇ ਨੂੰ ਹੌਸਲਾ ਦਿੱਤਾ। ਜਿਵੇ ਦਰਿਆ ਪਾਰ ਕਰਕੇ ਪੱਤਣ ਤੇ ਬੈਠੇ ਸਨ ਕਿ ਕੁਝ ਦੇਰ ਬਾਦ ਇੱਕ ਜੋਗੀ ਸਾਧੂ ਆ ਮਿਲਿਆ। ਮਰਦਾਨੇ ਨੂੰ ਸੁੱਖ ਦਾ ਸਾਹ ਆਇਆ। ਜੋਗੀ ਕਹਿੰਦਾ ਮੇਰੇ ਪਿੱਛੇ ਪਿੱਛੇ ਆਈ ਜਾਓ।

ਸਾਧੂ ਦੇ ਪਿੱਛੇ ਚਲਦੇ ਗਏ, ਛੋਟੇ ਮੋਟੇ ਸ਼ਰੇ ਪਾਰ ਕਰਦੇ ਗਏ ਤੇ ਅਖੀਰ ਤੇ ਛੋਟੀ ਪਹਾੜੀ ਦੀ ਕੰਧਰ 'ਚ ਜਾ ਵੜੇ। ਜਿੱਥੇ ਵੱਖ ਵੱਖ ਧੂਣੀਆਂ ਮਗ ਰਹੀਆਂ ਸਨ। ਇਹ ਸਿੱਧ ਜੋਗੀਆਂ ਦਾ ਆਸ਼ਰਮ ਸੀ। ਅੱਜ ਅਸੱਮੀਆ ਲੋਕ ਇਹਨੂੰ ਜੋਗੀਘੋਪਾ ਕਹਿੰਦੇ ਨੇ (ਨਕਸ਼ਾ ਸੂਚਕ 26.232310. 90.575331)। ਇਥੋ ਦਾ ਮਹੰਤ ਸੀ ਰਾਮਦਾਸ ਸਿੱਧ। ਗੁਰੂ ਸਾਹਿਬ ਨੇ ਲੇਟ ਕੇ ਮਹੰਤ ਨੂੰ ਨਮਸਕਾਰ ਕੀਤਾ। ਅੱਗੋ ਮਹੰਤ ਵੀ ਗੁਰੂ ਸਾਹਿਬ ਦੇ ਪੈਰੀ ਪੈ ਕੇ ਮਿਲਿਆ।

ਪੈੜ ਸਫਾ

⊙ਗਿਆਨੀ - 115. ਨੇ ਉਂਜ ਇਹ ਥਾਂ ਢਾਕੇ ਲਾਗੇ ਦੱਸੀ ਹੈ। ਪਰ ਓਥੇ ਕੋਈ ਅਜਿਹੀ ਪਹਾੜੀ ਨਹੀ ਹੈ। ਕੋਹਲੀ ਨੇ ਵੀ ਜੋਗੀਗੁਫਾ ਪਹੁੰਚਣਾ ਹੀ ਮੰਨਿਆ ਹੈ ਜੋ ਠੀਕ ਹੈ। ਜੋਗੀਗੁਫਾ ਉਂਜ ਵੀ ਗੁਰੂ ਸਾਹਿਬ ਦੇ ਰਸਤੇ ਵਿਚ ਪੈ ਰਹੀ ਹੈ।

ਇਥੇ ਰਹਿ ਕੇ ਮਰਦਾਨੇ ਨੇ ਬੜੇ ਰੰਗ ਰੰਗ ਦੇ ਫਲ ਫਰੂਟ ਤੇ ਕੰਦਮੂਲ ਖਾਧੇ। ਇਥੇ ਗੁਰੂ ਜੀ 8 ਦਿਨ ਠਹਿਰੇ। ਕਿਹਾ ਜਾਂਦਾ ਹੈ ਕਿ ਮਰਦਾਨੇ ਨੇ ਬਾਬੇ ਨੂੰ ਪੁੱਛਿਆ ਕਿ ਬਾਬਾ ਜੀ ਰਾਤ ਹਨੇਰੀ ਵਿੱਚ ਤੁਸੀ ਤੇ ਮਹੰਤ ਰੋਜ ਕਿਥੇ ਚਲੇ ਜਾਂਦੇ ਸੀ। ਗੁਰੂ ਸਾਹਿਬ ਨੇ ਕਿਹਾ ਮਰਦਾਨਿਆ ਇਹ ਰਾਜ ਹੀ ਰਹਿਣ ਦੇ।

----◈-----

## ਤੇ ਲਓ ਬਾਬਾ ਪਹੁੰਚ ਗਇਆ ਗੁਹਾਟੀ ਦੇ ਕਾਮੱਖਿਆ ਮੰਦਰ : ਵਾਮ ਮਾਰਗੀਆਂ ਨੂੰ ਸਿੱਧੇ ਰਾਹੇ ਪਾਉਣ+

ਜੂਨ 1511 (ਮਹੀਨਾ ਹਾੜ, ਅੰਬੂਬਾਚੀ ਮੇਲੇ ਤੇ)

ਧੁਬਰੀ ਤੋਂ ਰਵਾਨਾ ਹੋ ਬ੍ਰਹਮਪੁਤ੍ਰ ਰਾਂਹੀ ਵਹਾਅ ਦੇ ਉਲਟ ਬੇੜੀ ਰਾਂਹੀ ਸੈਰ ਕਰਦੇ ਹੋਏ ਗੁਆਲਪਾੜਾ ਹੁੰਦੇ ਹੋਏ, ਜੋਗੀਗੁਫਾ ਦੇ ਸਥਾਨ ਤੇ ਜੋਗੀਆਂ ਨਾਲ ਗੋਸ਼ਟਾਂ ਕਰਨ ਉਪਰੰਤ ਲੱਗ ਪੱਗ 200 ਕਿਲੋਮੀਟਰ ਦਾ ਸਫਰ ਕਰਕੇ ਗੁਹਾਟੀ ਪਹੁੰਚੇ।

ਗੁਰੂ ਸਾਹਿਬ ਦੇ ਇਸ ਇਲਾਕੇ ਵਿੱਚ ਆਉਣਾ ਇਸ ਕਰਕੇ ਜਰੂਰੀ ਬਣਿਆ ਕਿਉਕਿ ਕਾਮਰੂਪ ਵਿੱਚ ਓਨੀ ਦਿਨੀ ਬਹੁਤ ਹਿਲਜੁਲ ਹੋ ਰਹੀ ਸੀ ਕਿਉਕਿ ਗੁਹਾਟੀ ਦਾ ਕਾਮੱਖਿਆ (Sex) ਮੰਦਰ ਨੂੰ ਉਹਨੀ ਦਿਨੀ (1498 ਈ) ਵਿੱਚ ਬੰਗਾਲ ਦੇ ਮੁਸਲਮਾਨ ਬਾਦਸ਼ਾਹ ਹੁਸੈਨ ਸ਼ਾਹ ਨੇ ਢਾਹਿਆ ਸੀ। ਹੁਸੈਨ ਸ਼ਾਹ ਬੜਾ ਸਹਿਨਸ਼ੀਲ ਬਾਦਸ਼ਾਹ ਗਿਣਿਆ ਜਾਂਦਾ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਇਸ ਮੰਦਰ ਵਿਚ ਚਲ ਰਹੇ ਗਲਤ ਕੰਮਾਂ ਕਾਰਨ ਕੁਝ ਹਿੰਦੂ ਵੀ ਵਿਰੋਧ ਵਿਚ ਆ ਗਏ ਸਨ। ਇਹਦੇ ਢਾਹੇ ਜਾਣ ਕਾਰਨ ਇਹਦੀ ਚਰਚਾ ਵੀ ਪੂਰੇ ਹਿੰਦੁਸਤਾਨ ਵਿੱਚ ਹੋਈ। ਉਂਜ ਛੇਤੀ ਹੀ ਇਕ ਹਿੰਦੂ ਰਾਜੇ ਬਿਸਵਾ ਸਿੰਘ ਨੇ ਮੰਦਰ ਦੁਬਾਰਾ ਬਣਵਾ ਦਿੱਤਾ ਸੀ।

ਯਾਦ ਰਹੇ ਇਹ ਮੰਦਰ ਪਾਰਵਤੀ ਦੀ ਯੋਨੀ (ਗੁਪਤ ਅੰਗ) ਨੂੰ ਸਮਰਪਤ ਹੈ।

ਹਰ ਪਾਸੇ ਕਾਮਰੂਪ ਦੇਸ ਦੇ ਧਰਮ ਦੀ ਚਰਚਾ ਸੀ ਕਿਉਕਿ ਇਹ ਕਾਮਵਾਸ਼ਨਾ ਤੇ ਕੇਂਦਰਤ ਸੀ। ਇਥੇ ਜੋ ਕੁਝ ਚਲ ਰਿਹਾ ਸੀ ਬਹੁਤੇ ਲੋਕਾਂ ਦੀ ਨਿਗਾਹ ਵਿਚ ਇਹ ਗੰਦ ਅਤੇ ਬੇਸ਼ਰਮੀ ਸੀ।

ਉਹਨੀ ਦਿਨੀ ਹੀ ਵਾਮ ਮਾਰਗੀਆਂ ਦਾ ਯੋਗਨੀ ਤੰਤਰ ਨਾਂ ਦਾ ਗ੍ਰੰਥ ਲਿਖਿਆ ਗਇਆ ਸੀ ਜਿਸ ਨੇ ਚਾਰ ਚੁਫੇਰੇ ਚਰਚਾ ਛੇੜੀ ਹੋਈ ਸੀ।

ਇਸ ਦੇਸ ਵਿਚ ਕਿਉਕਿ ਸਾਕਤ ਮੱਤ ਦੀ ਚੜ੍ਹਤ ਸੀ ਇਸ ਕਰਕੇ ਵੱਖ ਵੱਖ ਜਾਨਵਰਾਂ ਦੀ ਬਲੀ ਦਿੱਤੀ ਜਾਂਦੀ ਸੀ ਖਾਸ ਕਰਕੇ ਭੈਂਸਾ (ਮੈਂਇਆ ਜਾ ਸੰਢਾ) ਦੀ ਬਲੀ ਜੋਰਾਂ ਤੇ ਸੀ। ਕਿਤੇ ਕਿਤੇ ਇਨਸਾਨ ਦੀ ਬਲੀ ਵੀ ਦਿੱਤੀ ਜਾਂਦੀ ਸੀ। ਸਰੀਰ ਨੂੰ ਕੋਹਣਾਂ ਤਾਂ ਆਮ ਹੀ ਧਾਰਮਿਕ ਕਾਰਜ ਗਿਣਿਆ ਜਾ ਰਿਹਾ ਸੀ।



ਗੁਹਾਟੀ ਦਾ ਕਾਮੱਖਿਆ ਮੰਦਰ। 52 ਸ਼ਕਤੀ ਪੀਠਾਂ ਵਿਚੋਂ ਇਹ ਪ੍ਰਮੁੱਖ ਹੈ। ਇਹਦਾ ਧਾਰੀਦਾਰ ਸਿੱਖਰ ਵੀ ਅਲੋਕਿਕ ਹੈ ਪਰ ਅਸਾਮ ਦੀ ਇਮਾਰਤ ਸਾਜੀ ਵਿਚ ਇਹ ਆਮ ਹੈ।

ਬਲੀ ਦਾ ਪ੍ਰੇਰਨਾਸਰੋਤ ਖੁੱਦ ਦੁਰਗਾ ਦੀ ਕਹਾਣੀ ਹੈ। ਕਿਉਕਿ ਜਦੋਂ ਦੁਰਗਾ ਛਿਨਮਸਤਾ ਦਾ ਰੂਪ ਧਾਰਨ ਕਰਦੀ ਹੈ ਤਾਂ ਖੁੱਦ ਦੀ ਧੌਣ ਵੀ ਲਾਹ ਦਿੰਦੀ ਹੈ। ਧੌਣ ਵਿੱਚੋਂ ਲਹੂ ਦੀਆਂ ਤਿੰਨ ਤਤੀਰੀਆਂ ਨਿਕਲਦੀਆਂ ਹਨ ਜਿੰਨਾਂ ਵਿੱਚੋਂ ਦੋ ਤਾਂ ਦੇਵੀ ਦੀਆਂ ਭੈਣਾਂ ਪੀਦੀਆਂ ਹਨ ਤੇ ਇੱਕ ਧਾਰ ਖੁਦ ਦੇਵੀ ਦਾ ਕੱਟਿਆ ਹੋਇਆ ਸਿਰ ਪੀਂਦਾ ਹੈ। ਕਹਾਣੀ ਵਿਚ ਹਾਲਾਤ ਕਾਮਾਕ ਦੱਸੇ ਗਏ ਹਨ ਜਿਹਨਾਂ ਦਾ ਵਰਨਣ ਕਰਨਾਂ ਇਥੇ ਸੋਭਾ ਨਹੀ ਦਿੰਦਾ।

ਸਾਰੇ ਖੋਜੀ ਇਤਹਾਸਕਾਰ ਮੰਨਦੇ ਹਨ ਕਿ ਸ਼ਕਤੀ ਵਾਲੇ ਇਸ ਪਰਸੰਗ ਦੀ ਪ੍ਰੰਪਰਾ ਬੁੱਧ ਧਰਮ ਵਿੱਚੋਂ ਆਉਦੀ ਹੈ। ਕਿਉਕਿ ਬਿਲਕੁਲ ਓਹੋ ਕਹਾਣੀ ਤਿੱਬਤ ਦੇ ਬੁੱਧ ਧਰਮ ਵਿਚ ਹੈ ਜਿਥੇ ਦੇਵੀ ਦਾ ਨਾਂ ਦੁਰਗਾ ਦੀ ਥਾਂ ਵਜਰਾਯੋਗਿਨੀ ਹੈ ਅਤੇ ਇਸ ਅਵਸਥਾ ਨੂੰ ਓਥੇ ਛਿਨਮਸਤਾ ਦੀ ਥਾਂ ਛਿਨਮੁੰਡਾ ਕਿਹਾ ਗਇਆ ਹੈ। ਏਸੇ ਪ੍ਰੰਪਰਾ ਅਧੀਨ ਸਤੀ ਦੀ ਰਸਮ ਹਿੰਦੁਸਤਾਨ ਵਿੱਚ ਸ਼ੁਰੂ ਹੋਈ। (ਵੇਖੋ ਵਿੱਕੀ ਪੈਡੀਆ)

ਪੱਛਮ ਵਿੱਚ ਇਹ ਗੱਲ ਹਰ ਕਿਸੇ ਦੀ ਜਬਾਨ ਤੇ ਸੀ ਕਿ ਕਾਮਰੂਪ ਇਲਾਕੇ ਵਿੱਚ ਖੂਬਸੂਰਤ ਔਰਤਾਂ ਦਾ ਰਾਜ ਹੈ। (ਤਿਰੀਪੁਰਾ ਭਾਵ ਔਰਤਾਂ ਦਾ ਦੇਸ)

ਗੁਰੂ ਸਾਹਿਬ ਦਾ ਜਰੂਰੀ ਬਣਦਾ ਸੀ ਕਿ ਗੁਮਰਾਹ ਹੋ ਚੁੱਕੀ ਲੋਕਾਈ ਨੂੰ ਸੇਧ ਦਿੰਦੇ ਕਿ ਕਾਮ ਪਿੱਛੇ ਸ਼ੁਦਾਈ ਨਾਂ ਹੋਈ ਜਾਓ। ਇਹ ਤਾਂ ਦੁਨੀਆ ਨੂੰ ਸੁਚਾਰੂ ਰੱਖਣ ਵਾਸਤੇ ਨਿਰੰਕਾਰ ਦਾ ਮੋਹਰਾ ਹੈ (ਵੇਖੋ ਸਫਾ-108)

ਗੁਹਾਟੀ (ਪੁਰਾਣਾ ਨਾਂ ਪ੍ਰਾਗਜੋਤਿਸ਼ਪੁਰ) ਵੀ ਬਨਾਰਸ, ਪ੍ਰਯਾਗ, ਗਇਆ ਵਾਂਙੂ ਹਿੰਦੂਆਂ ਦਾ ਬਹੁਤ ਹੀ ਮਸ਼ਹੂਰ ਅਸਥਾਨ ਹੈ। ਿ

ਕਹਾਣੀ ਇਥੋਂ ਦੀ ਵੀ ਓਹੋ ਹੀ ਕਿ ਪਾਰਬਤੀ ਦੇ ਮਾਪਿਆ ਨੇ ਪਾਰਬਤੀ ਦਾ ਕਤਲ ਕਰ ਦਿਤਾ ਅਖੇ ਤੂੰ ਸ਼ਿਵ ਜੀ ਨਾਲਾ ਵਿਆਹ ਕਿਓ ਕਰਵਾਇਆ। ਜਦੋਂ ਸ਼ਿਵ ਜੀ ਨੂੰ ਆਪਣੀ ਪਤਨੀ ਦੇ ਕਤਲ ਦਾ ਪਤਾ ਲੱਗਾ ਤਾਂ ਸਹੁਰੇ ਪਹੁੰਚ ਪਾਰਬਤੀ ਦੀ ਲਾਸ਼ ਨੂੰ ਆਪਣੇ ਤ੍ਰਿਸ਼ੂਲ ਤੇ ਚੁੱਕ ਲੈ ਤੁਰਿਆ। ਪਰਬਤ, ਨਦੀਆਂ ਨਾਲੇ, ਰੇਗਿਸਤਾਨ ਟਪਦਾ ਜਾ ਰਿਹਾ ਸੀ। ਹੌਲੀ ਹੌਲੀ ਲਾਸ਼ ਦੇ ਅੰਗ ਡਿੱਗਣੇ ਸ਼ੁਰੂ ਹੋ ਗਏ। ਕਿਤੇ ਪਾਰਬਤੀ ਦੀ ਬਾਂਹ ਡਿੱਗ ਪਈ, ਕਿਤੇ ਲੱਤ, ਕਿਤੇ ਅੱਖ, ਕਿਤੇ ਪੈਰ, ਕਿਤੇ ਸਿਰ। ਇਸ ਪ੍ਰਕਾਰ ਬ੍ਰਹਾਮਣਾਂ ਦਾ ਮੰਨਣਾ ਹੈ ਕਿ 52 ਅੰਗ ਵੱਖ ਵੱਖ ਥਾਂਈ ਡਿੱਗੇ। ਏਸੇ ਕਰਕੇ ਕੁਲ 52 ਮੰਦਿਰ ਜਾਂ ਸ਼ਕਤੀ ਪੀਠ ਮੌਜੂਦ ਹਨ। ਚਾਹੇ ਵੈਸ਼ਨੋ ਦੇਵੀ ਹੋਵੇ ਜਾਂ ਜਵਾਲਾ ਜੀ, ਸ਼ਾਰਧਾ ਪੀਠ ਹੋਵੇ ਜਾਂ ਹਿੰਗਲਾਜ ਜਾਂ ਕਟਾਸਰਾਜ। ਸਭ ਏਸੇ ਸਿਧਾਂਤ ਤੇ ਬਣੇ ਹਨ।

ਪਰ ਗੁਹਾਟੀ ਵਿਖੇ ਤਾਂ ਪਾਰਬਤੀ ਦੀ ਯੋਨੀ ਡਿੱਗੀ ਸੀ।

ਇਥੇ ਮੇਲਾ ਅਸਾਮ ਦੇ ਹਾੜ ਦੇ ਮਹੀਨੇ ਵਿੱਚ ਲੱਗਦਾ ਹੈ। ਅਜ ਕਲ ਇਹਦੀਆਂ ਤਰੀਕਾਂ ਅਮੂਮਨ ਜੂਨ 22 ਤੋਂ 25 ਤੱਕ ਹੁੰਦੀਆਂ ਹਨ।

ਕਿਹਾ ਜਾਂਦਾ ਹੈ ਕਿ ਕਲਕੀ ਪੁਰਾਣ ਇਥੇ ਹੀ ਲਿਖਿਆ ਗਇਆ ਸੀ।

ਇਥੇ ਗੁਰੂ ਸਾਹਿਬ ਨੇ ਲੋਕਾਂ ਨੂੰ ਸਮਝਾਇਆ ਕਿ ਕਿਓ ਮੂਰਖ ਬਣਦੇ ਹੋ। ਕਾਮ ਦਾ ਮਤਲਬ ਪੈਦਾਵਾਰ ਕਰਨਾਂ ਹੈ। ਇਹ ਸਵਾਦ ਵਾਸਤੇ ਨਹੀ ਹੈ। ਰਜਾ ਦਾ ਸਿਧਾਂਤ ਫਿਰ ਗੁਰੂ ਸਾਹਿਬ ਨੇ ਇਥੇ ਭੁਲੀ ਭਟਕੀ ਜਨਤਾ ਨੂੰ ਸਮਝਾਇਆ ਕਿ ਮੂਰਖੋ ਕਿਹੜੇ ਕੰਮ ਲੱਗੇ ਹੋ।

ਸਾਹਿਬ ਨੇ ਮਰਦਾਨੇ ਦੀ ਸੰਗਤ ਵਿੱਚ ਸ਼ਬਦ ਗਾਵਿਆ:-

ਸਲੋਕੁ ਮਃ ੧ ॥ ਸੁਇਨੇ ਕੈ ਪਰਬਤਿ ਗੁਫਾ ਕਰੀ ਕੈ ਪਾਣੀ ਪਇਆਲਿ ॥ ਕੈ ਵਿਚਿ ਧਰਤੀ ਕੈ ਆਕਾਸੀ ਉਰਧਿ ਰਹਾ ਸਿਰਿ ਭਾਰਿ ॥ ਪੁਰੁ ਕਰਿ ਕਾਇਆ ਕਪੜੁ ਪਹਿਰਾ ਧੋਵਾ ਸਦਾ ਕਾਰਿ ॥ ਬਗਾ ਰਤਾ ਪੀਅਲਾ ਕਾਲਾ ਬੇਦਾ ਕਰੀ ਪੁਕਾਰ ॥ ਹੋਇ ਕੁਚੀਲੁ ਰਹਾ ਮਲੁ ਧਾਰੀ ਦੁਰਮਤਿ ਮਤਿ ਵਿਕਾਰ ॥ ਨਾ ਹਉ ਨਾ ਮੈ ਨਾ ਹਉ ਹੋਵਾ ਨਾਨਕ ਸਬਦੁ ਵੀਚਾਰਿ ॥੧॥ ਮਃ ੧ ॥ ਵਸਤ੍ਰ ਪਖਾਲਿ ਪਖਾਲੇ ਕਾਇਆ ਆਪੇ ਸੰਜਮਿ ਹੋਵੈ ॥ ਅੰਤਰਿ ਮੈਲੁ ਲਗੀ ਨਹੀ ਜਾਣੈ ਬਾਹਰਹੁ ਮਲਿ ਮਲਿ ਧੋਵੈ ॥ ਅੰਧਾ ਭੂਲਿ ਪਇਆ ਜਮ ਜਾਲੇ ॥ ਵਸਤੁ ਪਰਾਈ ਅਪੁਨੀ ਕਰਿ ਜਾਨੈ ਹਉਮੈ ਵਿਚਿ ਦੁਖੁ ਘਾਲੇ ॥ ਨਾਨਕ ਗੁਰਮੁਖਿ ਹਉਮੈ ਤੁਟੈ ਤਾ ਹਰਿ ਹਰਿ ਨਾਮੁ ਧਿਆਵੈ ॥ ਨਾਮੁ ਜਪੇ ਨਾਮੋ ਆਰਾਧੇ ਨਾਮੇ ਸੁਖਿ ਸਮਾਵੈ ॥੨॥ ਪਵੜੀ ॥ ਕਾਇਆ ਹੰਸਿ ਸੰਜੋਗੁ ਮੇਲਿ ਮਿਲਾਇਆ ॥ ਤਿਨ ਹੀ ਕੀਆ ਵਿਜੋਗੁ ਜਿਨਿ ਉਪਾਇਆ ॥ ਮੂਰਖੁ ਭੋਗੇ ਭੋਗੁ ਦੁਖ



ਪਾਰਬਤੀ ਦੀ ਲਾਸ਼ ਚੁੱਕੀ ਸ਼ਿਵ ਜੀ ਜਾ ਰਹੇ ਨੇ। ਅਖੇ ਅੰਗ ਡਿੱਗਦੇ ਜਾ ਰਹੇ ਨੇ।

ਸਬਾਇਆ ॥ ਸੁਖਹੁ ਉਠੇ ਰੋਗ ਪਾਪ ਕਮਾਇਆ ॥ ਹਰਖਹੁ ਸੋਗੁ ਵਿਜੋਗੁ ਉਪਾਇ ਖਪਾਇਆ ॥ ਮੂਰਖ ਗਣਤ ਗਣਾਇ ਝਗੜਾ ਪਾਇਆ ॥ ਸਤਿਗੁਰ ਹਥਿ ਨਿਬੇੜੁ ਝਗੜੁ ਚੁਕਾਇਆ ॥ ਕਰਤਾ ਕਰੇ ਸੁ ਹੋਗੁ ਨ ਚਲੈ ਚਲਾਇਆ ॥੪॥ ਵ

ਗੁਰੂ ਸਾਹਿਬ ਇਥੇ 1511 ਈ ਜੂਨ ਦੇ ਅੱਧ ਵਿੱਚ ਪਹੁੰਚੇ।*

----◈-----

## ਅਲੀਪੁਖਰੀ ਨਗਾਓ ਜਾ, ਬਾਬੇ ਨੇ ਸੰਕਰਦੇਵ ਨੂੰ ਜਾ ਨਮਸਕਾਰ ਕੀਤੀ○


ਗੁਹਾਟੀ ਤੋਂ ਬ੍ਰਹਮਪੁਤਰ ਰਸਤੇ 50 ਕਿਲੋਮੀਟਰ ਉਤੇ ਗੁਰੂ ਸਾਹਿਬ ਪਿੰਡ ਅਲੀਪੁਖਰੀ ਪਹੁੰਚੇ ਜਿਹਦਾ ਅਜੋਕਾ ਨਾਮ ਪੱਤੇਕੀਬੋਰੀ ਨੇੜੇ ਮੋਇਰਾਬਾਰੀ ਹੈ ਤੇ ਇਹ ਮਰੀਗਾਓ ਜਿਲੇ ਵਿੱਚ ਪੈਂਦਾ ਹੈ। (ਨਗਾਓ ਤੋਂ 65 ਕਿਲੋਮੀਟਰ ਓਰੇ ਪੱਛਮ ਵਲ ਹੈ) ਗੁਰੂ ਸਾਹਿਬ ਦੇ ਵੇਲੇ ਹੀ ਹੋਇਆ ਹੈ ਸੰਕਰਦੇਵ ਜਾਂ ਸ਼੍ਰੀਮੰਤ ਸ਼ੰਕਰਦੇਵ (1449-1568 ਈ.)। ਉਸ ਦੀ ਜੀਵਨੀ ਪੜ੍ਹਿਆਂ ਪਤਾ ਲੱਗਦਾ ਹੈ ਕਿ ਉਹ ਵੀ ਮੂਰਤੀ ਪੂਜਾ ਤੇ ਵਾਮ ਮਾਰਗ ਆਦਿ ਦੇ ਸਖਤ ਖਿਲਾਫ ਸੀ। ਇੱਕ ਨਿਰੰਕਾਰ ਨੂੰ ਮੰਨਦਾ ਸੀ ਪਰ ਨਾਮ ਉਹਦਾ ਸ੍ਰੀ ਕ੍ਰਿਸ਼ਨ ਗਿਣਦਾ ਸੀ। ਉਹਦੀ ਰੂਹਾਨੀਅਤ ਦੀ ਉੱਚਾਈ ਦੇਖ ਕੇ ਲੋਕਾਂ 'ਚ ਪ੍ਰਸਿਧ ਹੋ ਗਇਆ ਸੀ ਕਿ ਉਹ ਵਿਸ਼ਨੂੰ ਦਾ ਹੀ ਅਵਤਾਰ ਹੈ।

1511 ਦੇ ਨੇੜੇ ਤੇੜੇ ਸੰਕਰਦੇਵ ਆਪਣੇ ਪਿੰਡ ਅਲੀਪੁਖਰੀ ਹੀ ਬਿਰਾਜਮਾਨ ਸੀ। ਜਿੱਥੇ ਗੁਰੂ ਸਾਹਿਬ ਜਾ ਕੇ ਉਹਨੂੰ ਮਿਲੇ। ਗੁਰੂ ਸਾਹਿਬ ਤੇ ਸੰਕਰਦੇਵ ਦੀ ਮਿਲਣੀ ਦੀ ਗਵਾਹੀ ਅਸੱਮੀਆ ਲੋਕ ਅੱਜ ਤੱਕ ਭਰਦੇ ਹਨ। ਉਹ ਤਾਂ ਇਹ ਵੀ ਕਹਿੰਦੇ ਹਨ ਕਿ ਬੰਗਾਲ ਦਾ ਚੈਤੰਨਿਆ ਪ੍ਰਭੂ ਵੀ ਸੰਕਰਦੇਵ ਦਾ ਸ਼ਰਧਾਲੂ ਸੀ।

ਬ੍ਰਾਹਮਣਾਂ ਨੇ ਸੰਕਰਦੇਵ ਦੀ ਸ਼ਕਾਇਤ ਰਾਜਾ ਕੋਲ ਕਰ ਦਿੱਤੀ ਜਿਸ ਕਾਰਨ ਕੋਚ ਰਾਜਾ ਨਰ ਨਰਾਇਣ ਨੇ ਸੰਕਰਦੇਵ ਦੀ ਗ੍ਰਿਫਤਾਰੀ ਦੇ ਹੁਕਮ ਦੇ ਦਿੱਤੇ। ਪਰ ਰਾਜਾ ਦੇ ਦਰਬਾਰ ਵਿੱਚ ਵਿੱਚ ਸ਼ੰਕਰਦੇਵ ਦਾ ਕੋਈ ਸ਼ਰਧਾਲੂ ਸੀ ਜਿਸ ਨੇ ਰਾਜਾ ਨੂੰ ਮਨਾ ਲਿਆ ਕਿ ਘੱਟੋ ਘੱਟ ਸੰਕਰਦੇਵ ਦਾ ਪੱਖ ਇੱਕ ਵਾਰ ਤਾਂ ਸੁਣ ਲਓ। ਰਾਜਾ ਮੰਨ ਗਿਆ। ਸੰਕਰਦੇਵ ਨੇ ਦਰਬਾਰ ਵਿੱਚ ਅਜਿਹਾ ਕੀਰਤਨ ਕੀਤਾ ਕਿ ਰਾਜਾ ਕੀਲਿਆ ਗਿਆ। ਰਾਜੇ ਨੇ ਸੰਕਰ ਨੂੰ ਗੱਲ ਨਾਲ ਲਾ ਲਿਆ।

ਸੰਕਰਦੇਵ 'ਨਾਮ' ਸਿਧਾਂਤ ਦਾ ਪੱਕਾ ਅਨੁਆਈ ਸੀ। ਕੀਰਤਨ ਦੀ ਅਹਿਮੀਅਤ ਤੇ ਵੀ ਜੋਰ ਦਿੰਦਾ ਸੀ। ਘੱਟ ਘੱਟ ਵਿੱਚ ਬਿਰਾਜਮਾਨ ਕ੍ਰਿਸ਼ਨ ਨੂੰ ਮੰਨਦਾ ਸੀ। ਪਰ ਬ੍ਰਾਹਮਣਾਂ ਉਨੂੰ ਜੀਣ ਨਾਂ ਦਿੱਤਾ। ਇਸ ਸਿਧਾਂਤ ਤੇ ਆ ਕੇ ਗੁਰੂ ਸਾਹਿਬ ਫਾਇਦੇ ਵਿੱਚ ਸਨ ਕਿਉਕਿ ਪੰਜਾਬ ਵਿੱਚ ਰਾਜ ਮੁਸਲਮਾਨਾਂ ਦਾ ਸੀ। ਹਾਲਾਂ ਸ਼ਕਾਇਤਾਂ ਤਾਂ ਗੁਰੂ ਸਾਹਿਬ ਦੀਆਂ ਵੀ ਹੋਈਆਂ ਸਨ। ਕਲਾਨੌਰ ਦਾ ਸੂਬੇਦਾਰ ਦੁਨੀ ਚੰਦ ਕਰੋੜੀਆ ਗੁਰੂ ਸਾਹਿਬ ਨੂੰ ਸਜ਼ਾ ਦੇਣ ਦੇ ਮੰਤਵ ਨਾਲ ਹੀ ਚੜਿਆ ਸੀ। ਬਟਾਲੇ ਦੇ ਬ੍ਰਾਹਮਣਾਂ ਵੀ ਮੁਖਾਲਫਤ ਕੀਤੀ ਸੀ।

ਕਿਉਕਿ ਗੁਰੂ ਸਾਹਿਬ ਦਾ ਸਾਰਾ ਜੋਰ ਨਾਮ ਦੇ ਸਿਧਾਂਤ ਤੇ ਹੈ ਦੂਸਰੇ ਪਾਸੇ ਅਸੀ ਦੇਖਦੇ ਹਾਂ ਕਿ ਸੰਕਰਦੇਵ ਨੇ ਵੀ ਥਾਂਈ ਥਾਂਈ 'ਨਾਮ ਘਰ' ਤੇ 'ਕੀਰਤਨ ਘਰ' ਖੋਲੇ ਸਨ ਤੇ ਇਸ ਤੋਂ ਸਾਫ ਪਤਾ ਲੱਗਦਾ ਹੈ ਕਿ ਸੰਕਰਦੇਵ ਵੀ ਗੁਰੂ ਸਾਹਿਬ ਤੋਂ ਬਹੁਤ ਪ੍ਰਭਾਵਤ ਹੋ ਚੁੱਕਾ ਸੀ।



ਸ਼੍ਰੀ ਮੰਤ ਸ਼ੰਕਰਦੇਵ (1449-1568)

ਇਹ ਵੀ ਮੰਨਿਆ ਜਾਂਦਾ ਹੈ ਕਿ ਗੁਰੂ ਸਾਹਿਬ ਤੇ ਸੰਕਰਦੇਵ ਇਕੱਠੇ ਹੀ ਬ੍ਰਹਮਕੁੰਡ (ਪਰਸੂ ਰਾਮ ਦਾ ਕੁੰਡ) ਗਏ ਸਨ, ਜੋ ਤਿੰਨਸੁਖੀਆ (ਅਰਨਾਚਲ ਪ੍ਰਦੇਸ) ਤੋਂ 150 ਕਿਲੋਮੀਟਰ ਪੂਰਬ ਹੈ । ਇਸ ਗਲ ਦੀ ਚੋਖੀ ਸੰਭਾਵਨਾ ਵੀ ਬਣਦੀ ਹੈ ਕਿਉਕਿ ਅਜਿਹੇ ਧਾਰਮਿਕ ਲੀਡਰ ਅਕਸਰ ਮੇਲਿਆਂ ਤੇ ਪ੍ਰਚਾਰ ਖਾਤਰ ਪਹੁੰਚਿਆ ਕਰਦੇ ਸਨ। ਕੁਦਰਤੀ ਹੈ ਕਿ ਸੰਕਰ ਦੇਵ ਵੀ ਕਮੱਖਿਆ ਆਏ ਹੋਣ।

----◈-----

ਪੂਰਬੀ ਅਸਾਮ ਜਾਂ ਜਿੰਨੂ ਅਜਕਲ ਅਰੁਨਾਚਲ ਪ੍ਰਦੇਸ ਕਹਿੰਦੇ ਹਨ ਇਥੋਂ ਦੀ ਯਾਤਰਾ ਦੌਰਾਨ ਹੀ ਕਿਸੇ ਵੇਲੇ ਦੋ ਹੋਰ ਪੰਜਾਬੀ ਸਾਧੂ ਸੈਦੋ ਘਈ ਤੇ ਦੂਜਾ ਸ਼ੀਹਾਂ ਜੱਟ ਗੁਰੂ ਸਾਹਿਬ ਨੂੰ ਇਥੇ ਮਿਲੇ ਤੇ ਸਿੱਖ ਬਣ ਗਏ। ਅਗਲੀ ਕੁਝ ਯਾਤਰਾ ਤੱਕ ਉਹ ਗੁਰੂ ਸਾਹਿਬ ਦੇ ਨਾਲ ਹੀ ਰਹੇ। ਪਰ ਫਿਰ ਢਾਕੇ ਬੰਗਾਲੇ ਜਾਂ ਚਿੱਟਾਗਾਂਗ ਤੋਂ ਉਹ ਵੱਖਰੇ ਹੋ ਪੰਜਾਬ ਨੂੰ ਰਵਾਨਾ ਹੋ ਗਏ। ਯਾਦ ਰਹੇ ਓਹਨੀ ਦਿਨੀ ਸੰਨਿਆਸੀ ਸਾਧੂਆਂ ਦੀ ਵੱਡੀ ਗਿਣਤੀ ਹੋਇਆ ਕਰਦੀ ਸੀ ਜੋ ਭਰਮਣ ਕਰਦੇ ਰਹਿੰਦੇ ਸਨ। ਗੁਰੂ ਸਾਹਿਬ ਦੀਆਂ ਖਬਰਾਂ ਵੀ ਇਹਨਾਂ ਰਾਂਹੀ ਹੀ ਪੰਜਾਬ ਜਾਂ ਹੋਰ ਥਾਵਾਂ ਤੇ ਪਹੁੰਚਦੀਆਂ ਸਨ।

----◈-----

## ਅਹੋਮ ਰਾਜਾ ਸ਼ੁਨਮੁੰਗ ਨੂੰ ਉਪਦੇਸ਼

ਸੰਨ 1200 ਈ. ਦੇ ਲਾਗੇ ਚਾਗੇ ਚੀਨ (ਮੌਂਗ ਮਾਓ ਇਲਾਕਾ ਜਿਹੜਾ ਮਿਆਂਮਾਰ ਦੇ ਪਹਾੜ ਬੰਨੇ ਪੈਂਦਾ ਹੈ) ਵਿੱਚੋਂ ਅਹੋਮ ਨਾਂ

ਪੈੜ ਸਫਾ

✚ ਗਿਆਨੀ ਗਿਆਨ ਸਿੰਘ- ਕੋਹਲੀ, ਕਿਰਪਾਲ ਸਿੰਘ ਪੰਨਾ-64)

○ ਦਲਵਿੰਦਰ ਸਿੰਘ ਗਰੇਵਾਲ ਨੇ ਗੁਰੂ ਸਾਹਿਬ ਤੇ ਸੰਕਰਦੇਵ ਦਾ ਮਿਲਾਪ ਸਿਬਸਾਗਰ ਜਿਲੇ ਵਿੱਚ ਹੋਣਾ ਲਿਖਿਆ ਹੈ। ਗਰੇਵਾਲ ਦਾ ਕਹਿਣਾ ਹੈ ਕਿ ਕੁਝ ਸਮਾਂ ਗੁਰੂ ਸਾਹਿਬ ਗੜਗਾਓ (ਸਿਬਸਾਗਰ) ਲਾਗੇ ਨਜ਼ੀਰਾ ਵਿਖੇ ਠਹਿਰੇ ਸਨ। ਗਿਆਨੀ ਅਨੁਸਾਰ ਇੱਕ ਉਦਾਸੀ ਸਾਧੂ ਲੂਨੀਆ ਸਿੱਧ ਨੇ ਇਥੇ ਸਿੱਖੀ ਦਾ ਪ੍ਰਚਾਰ ਕੀਤਾ।

ਇਤਹਾਸ ਫੋਲਿਆਂ ਪਤਾ ਲੱਗਦਾ ਹੈ ਕਿ ਗੜਗਾਓ, ਅਹੋਮ ਰਾਜਿਆਂ ਦੀ ਰਾਜਧਾਨੀ ਗੁਰੂ ਸਾਹਿਬ ਤੋਂ ਬਾਦ ਹੀ ਬਣਿਆ। ਰਾਜਾ ਸੁਕਲੇਨਮੁੰਗ ਅਹੋਮ ਨੇ 1540 ਵਿੱਚ ਗੜਗਾਓ ਨੂੰ ਰਾਜਧਾਨੀ ਬਣਾਇਆ ਸੀ। ਉਸ ਤੋਂ ਪਹਿਲਾ ਰਾਜਧਾਨੀ ਬਕਾਟਾ (ਭਗਤ) ਸੀ ਜੋ ਦਰਿਆ ਦਹਿੰਗ ਦੇ ਕੰਢੇ ਸੀ।

ਦਾ ਕਬੀਲਾ ਬ੍ਰਹਮਪੁਤਰ ਘਾਟੀ ਵਿੱਚ ਆ ਵੜਿਆ। ਇਸ ਸਿਆਣੇ ਕਬੀਲੇ ਨੇ ਸਥਾਨਕ ਲੋਕਾਂ ਨਾਲ ਪੰਗਾ ਲੈਣ ਦੇ ਬਿਜਾਏ ਇਨਾਂ ਨਾਲ ਸਹਿਯੋਗ ਵਧਾਇਆ। ਇਨਾਂ ਦੀ ਸਭਿਅਤਾ ਨਾਗਿਆਂ ਨਾਲੋਂ ਕਿਤੇ ਜਿਆਦਾ ਵਿਕਸਤ ਸੀ। ਲੋਕਾਂ ਨੂੰ ਪਾਣੀ ਵਿੱਚ ਝੋਨਾ ਲਾਉਣਾ ਸਿੱਖਾਇਆ। ਪਹਿਲਾਂ ਭਾਰਤੀ ਉਪ ਮਹਾਂਦੀਪ ਵਿੱਚ ਲੋਕੀ ਝੋਨਾ ਵੀ ਬੀਜਿਆ ਹੀ ਕਰਦੇ ਸਨ।

ਛੇਤੀ ਹੀ 1228 ਈ. ਵਿੱਚ ਅਹੋਮ ਕਬੀਲੇ ਨੇ ਬ੍ਰਹਮਪੁਤਰ ਘਾਟੀ ਵਿੱਚ ਆਪਣਾ ਰਾਜ ਭਾਗ ਵੀ ਕਾਇਮ ਕਰ ਲਿਆ। ਇਹ ਕਬੀਲਾ ਇਨਾਂ ਅਨੁਸ਼ਾਸਤ ਸੀ ਕਿ ਇਨਾਂ ਦਾ ਰਾਜ ਪੂਰੇ 800 ਸਾਲ 1826 ਈ. ਤੱਕ ਰਿਹਾ। ਇਨਾਂ ਨੂੰ ਦਿੱਲੀ ਸਲਤਨਤ ਜਾਂ ਮੁਗਲ ਵੀ ਹਰਾ ਨਾਂ ਸਕੇ। ਇਸ ਰਾਜ ਬਾਰੇ ਤਰਾਂ ਤਰਾਂ ਦੀਆਂ ਅਫਵਾਹਾਂ ਦਿੱਲੀ ਵਿੱਚ ਹੁੰਦੀਆਂ ਸਨ ਕਿ ਉਹ ਜਾਦੂਗਰ ਲੋਕਾਂ ਦਾ ਦੇਸ ਹੈ। ਉਥੇ ਜਿਹੜਾ ਇੱਕ ਵਾਰੀ ਜਾ ਵੜੇ ਮੁੜਕੇ ਵਾਪਸ ਨਹੀ ਪਰਤ ਸਕਦਾ ਸੀ। ਅਹੋਮ ਕਬੀਲੇ ਕਰਕੇ ਹੀ ਇਸ ਇਲਾਕੇ ਦਾ ਨਾਂ ਅਹੋਮ ਜਾਂ ਅਸੋਮ ਜਾਂ ਅਸੱਮ ਦੇਸ ਪਿਆ।

ਜਦੋਂ ਗੁਰੂ ਨਾਨਕ ਇਸ ਇਲਾਕੇ ਵਿੱਚ ਆਏ ਤਾਂ ਅਹੋਮ ਕਬੀਲੇ ਦੇ ਬਹੁਤ ਹੀ ਤਾਕਤਵਰ ਬਾਦਸ਼ਾਹ ਸ਼ੁਹਨ ਮੁੰਗ (1497 - 1539 ਈ) ਦਾ ਰਾਜ ਸੀ। ਉਸ ਨੇ ਹਿੰਦੂ ਧਰਮ ਗ੍ਰਹਿਣ ਕਰ ਲਿਆ ਹੋਇਆ ਸੀ ਤੇ ਉਸਨੇ ਆਪਣਾ ਨਾਂ 'ਸਵੱਰਗ ਨਰਾਇਣ' ਰੱਖਿਆ ਹੋਇਆ ਸੀ। ਜਿਵੇ ਕਿ ਅਕਸਰ ਹੁੰਦਾ ਹੈ ਕਿ ਜਿਹੜਾ ਬੰਦਾ ਨਵਾਂ ਨਵਾਂ ਕੋਈ ਧਰਮ ਅਖਤਿਆਰ ਕਰੇ ਤਾਂ ਉਹ ਦੂਸਰਿਆਂ ਨਾਲੋਂ ਕੱਟੜ ਬਣ ਜਾਂਦਾ ਹੈ। ਇਹੋ ਕਾਰਨ ਸੀ ਕਿ ਸ਼ੁੰਨਮੁੰਗ ਵੀ ਕੱਟੜ ਬ੍ਰਾਹਮਣਾਂ ਦੇ ਵਿੱਚਾਰਾਂ ਦੇ ਅਨੁਕੂਲ ਚਲਦਾ ਸੀ। ਜਿਸ ਕਰਕੇ ਉਹ ਸ਼੍ਰੀਮੰਤ ਸੰਕਰਦੇਵ ਦੇ ਵਿਰੁਧ ਸੀ।

ਜਿਵੇਂ ਆਪਾਂ ਸ਼ੁਰੂ ਸ਼ੁਰੂ 'ਚ ਦੱਸ ਚੁੱਕੇ ਹਾਂ ਕਿ ਗੁਰੂ ਸਾਹਿਬ ਕੋਈ ਮੌਕਾ ਨਹੀ ਸੀ ਖੁੰਝਦੇ ਰਾਜੇ ਜਾਂ ਹੁਕਮਰਾਨ ਨੂੰ ਮਿਲਣ ਦਾ। ਗੁਰੂ ਸਾਹਿਬ ਨੇ ਗੁਹਾਟੀ ਦੇ ਵਾਮ ਮਾਰਗੀਆਂ ਨੂੰ ਸਿਧੇ ਰਾਹੇ ਪਾ ਫਿਰ ਸੰਕਰਦੇਵ ਦੇ ਪਿੰਡ ਗਏ। ਇਤਹਾਸ ਤੋਂ ਸਬੂਤ ਨਹੀ ਮਿਲਦਾ ਕਿ ਮੇਲ ਕਿਥੇ ਹੋਇਆ ਸੀ। ਪਰ ਉਸ ਤੋਂ ਬਾਦ ਗੁਰੂ ਸਾਹਿਬ ਬ੍ਰਹਮਪੁਤਰ ਦਰਿਆ ਰਾਂਹੀ ਚੜ੍ਹਦੇ ਨੂੰ ਚਲਦੇ ਰਹੇ।

ਖੈਰ ਗੁਰੂ ਸਾਹਿਬ ਗੁਹਾਟੀ ਤੋਂ ਕੋਈ 350 ਕਿਲੋਮੀਟਰ ਦਾ ਸਫਰ ਕਰਕੇ ਅਸਾਮ ਦੇ ਅੱਜ ਦੇ ਜਿਲੇ ਸਿਬਸਾਗਰ ਪਹੁੰਚੇ। ਇਹ ਉਹ ਇਲਾਕਾ ਹੈ ਜਿੱਥੇ ਬਾਕੀ ਦੁਨੀਆ ਦੇ ਮੁਕਾਬਲੇ ਸਭ ਤੋਂ ਵੱਧ ਬਾਰਸ਼ ਪੈਂਦੀ ਹੈ।

ਉਸ ਵੇਲੇ ਰਾਜਾ ਸਵੱਰਗ ਨਰਾਇਣ ਉਰਫ ਸ਼ੁਹਨਮੁੰਗ ਉਰਫ ਡਿੰਹਗੀਆ ਰਾਜਾ ਦੀ ਰਾਜਧਾਨੀ ਚਰਾਇਦਿਓ ਸੀ (ਉਂਜ ਬਾਦ ਵਿੱਚ ਉਹ ਰਾਜਧਾਨੀ ਬਕਾਤਾ ਲੈ ਗਿਆ। ਬਾਦ ਦੇ ਅਹੋਮ ਰਾਜਿਆਂ ਨੇ ਰਾਜਧਾਨੀ ਗੜ੍ਹਗਾਓ ਨੇੜੇ ਨਜ਼ੀਰਾ ਬਣਾ ਲਈ ਸੀ।) ਚਰਾਇਦਿਓ ਅੱਜ ਦੇ ਸਿਬਸਾਗਰ ਤੋਂ 30 ਕਿਲੋਮੀਟਰ ਹਟਵਾ ਹੈ ਤੇ ਅੱਜ ਜਿਲੇ ਦਾ ਮੁੱਖ ਸ਼ਹਿਰ ਹੈ।

ਗੁਰੂ ਸਾਹਿਬ ਨੇ ਰਾਜੇ ਨੂੰ ਸਿੱਖੀ ਦਾ ਅਕਾਲਪੁਰਖ ਅਜੋਨੀ ਸਿਧਾਂਤ ਸਮਝਾਇਆ : ਨਾਮ ਜਪਣਾ, ਕਿਰਤ ਕਰਨੀ ਤੇ ਵੰਡ ਛਕਣਾ। ਹੋਰ ਉਨ੍ਹੰ ਦੱਸਿਆ ਕਿ ਤੁਸੀ ਰਾਜੇ ਹੋ ਤੁਹਾਡੀ ਮਜਬੂਰੀ ਹੈ ਸਭ ਨੂੰ ਨਾਲ ਲੈ ਕੇ ਚਲਣ ਦੀ ਪਰ ਕਿਸੇ ਦੇ ਕਹੇ ਕਹਾਏ ਕਿਸੇ ਤੇ ਜੁਲਮ ਨਹੀ ਕਰਨਾਂ। ਉਨਾਂ ਸਮਝਾਇਆ ਕਿ ਸਾਡਾ ਇੱਕ ਸਾਥੀ ਸੰਕਰਦੇਵ ਇੱਕ ਨਿਰੰਕਾਰ ਨੂੰ ਮੰਨਦਾ ਹੈ। ਉਹ ਜਾਤ ਪਾਤ ਨਹੀ ਮੰਨਦਾ। ਮੂਰਤੀ ਪੂਜਾ ਦਾ ਖੰਡਨ ਕਰਦਾ ਹੈ ਆਦਿ ਤੇ ਤੁਸਾਂ ਉਹਦੇ ਖਿਲਾਫ ਹੁਕਮ ਜਾਰੀ ਕੀਤੈ ਹੋਏ ਨੇ। ਅਜਿਹਾ ਨਹੀ ਹੋਣਾ ਚਾਹੀਦਾ। ਰਾਜੇ ਦਾ ਧਰਮ ਹੈ ਕਿ ਉਹ ਕੁਦਰਤ ਦੀ ਵੰਨਗੀ ਵਿੱਚ ਦਖਲ ਨਾਂ ਦੇਵੇ। ਸਭ ਨੂੰ ਇਕੋ ਜਿਹਾ ਬਣਾਉਣ ਦਾ ਯਤਨ ਨਾਂ ਕਰੇ। ਵਿਰੋਧੀ ਖਿਆਲ ਵੀ ਬਰਦਾਸ਼ਤ ਕਰੇ।

ਰਾਜੇ ਸਵੱਰਗ ਨਰਾਇਣ ਨੇ ਗੁਰੂ ਸਾਹਿਬ ਦੇ ਸਾਰੇ ਹੁਕਮ ਮੰਨਣ ਦਾ ਵਾਇਦਾ ਦੇ ਕੇ ਬੇਨਤੀ ਕੀਤੀ ਕਿ ਚਲੋਂ ਹੁਣ ਮੇਰੇ ਮਹਿਲਾਂ ਨੂੰ ਵੀ ਪਵਿਤਰ ਕਰ ਦਿਓ। ਗੁਰੂ ਸਾਹਿਬ ਰਾਜੇ ਦੇ ਮਹਿਲਾਂ ਵਿੱਚ ਗਏ ਤੇ ਹਫਤਾ ਦਸ ਦਿਨ ਉਸ ਸ਼ਹਿਰ ਦੇ ਵਸਨੀਕਾਂ ਨੂੰ ਹੀ ਸਤਿਨਾਮ ਸਤਿ ਕਰਤਾਰ ਦੇ ਨਾਮ ਨਾਲ ਜੋੜਿਆ। ਦੂਸਰੇ ਪਾਖੰਡਾਂ ਤੋਂ ਹਟਾ ਕੇ ਇੱਕ ਨਿਰਾਕਾਰ ਪ੍ਰਭੂ ਨਾਲ ਜੋੜਿਆ। ਗੁਰੂ ਸਾਹਿਬ ਨੇ ਸਵੱਰਗ ਨਰਾਇਣ ਨੂੰ ਲੰਮਾ ਸਮਾਂ ਰਾਜ ਭਾਗ ਬਖਸ਼ਿਆ ਤੇ ਖੁਸ਼ ਹੋ ਕੇ ਕਿਹਾ ਕਿ ਤੇਰੀਆਂ 18 ਪੀੜੀਆਂ ਰਾਜ ਕਰਨਗੀਆਂ।

----◆-----

## ਨਾਗਾਲੈਂਡ ਵਿੱਚ ਰਾਖਸ਼ਾਂ ਨੇ ਆ ਘੇਰਿਆ।ਐਤਕਾਂ ਖੁੱਦ ਬਾਬਾ ਹੀ ਆਇਆ ਕਾਬੂ

ਚਰਾਇਦਿਓ ਅੱਜ ਦੇ ਸਿਬਸਾਗਰ ਲਾਗਿਓ ਗੁਰੂ ਸਾਹਿਬ ਦੱਖਣ ਦਿਸ਼ਾ ਵਲ ਰਵਾਨਾ ਹੋ ਗਏ। ਨਿਸ਼ਾਨਾ ਸੀ ਸਿਲਹਟ, ਢਾਕਾ ਹੁੰਦੇ ਹੋਏ ਚਿੱਟਾਗਾਂਗ ਸਮੁੰਦਰ ਕਿਨਾਰੇ ਪਹੁੰਚਣਾ। ਲਗਦਾ ਇਕ ਦੋ ਸਾਧੂ ਹੋਰ ਵੀ ਨਾਲ ਸਨ।

ਪਹਿਲਾਂ 50-60 ਕਿਲੋਮੀਟਰ ਦਾ ਪੈਂਡਾ ਕਰਕੇ ਜੋਰਹਾਟ (ਜੋੜਾ ਹਾਟ- ਜੋਰ ਹਾਟ) ਪਹੁੰਚੇ। ਓਥੇ ਵੀ ਧਰਮ ਦੇ ਨਾਮ ਤੇ ਉਲਟੇ ਸਿੱਧੇ ਕੰਮ ਕਰਦੇ ਲੋਕਾਂ ਨੂੰ ਨਿਰੰਕਾਰ ਸਤਿਨਾਮ ਨਾਲ ਜੋੜਿਆ। ਕੁਝ ਸਮਾਂ ਓਥੇ ਬਿਤਾਉਣ ਦੇ ਬਾਦ 40 ਕਿਲੋਮੀਟਰ ਦਾ ਸਫਰ ਤਹਿ ਕਰ ਕੇ ਗੋਲਾਘਾਟ ਆ ਪਹੁੰਚੇ ਤੇ ਸਾਧੂ ਜਣਿਆਂ 'ਚ ਗਿਆਨ ਵੰਡਿਆਂ ਤੇ ਸਤਿ ਕਰਤਾਰ ਦਾ ਉਪਦੇਸ ਦਿੱਤਾ।

ਗੋਲਾਘਾਟ ਤੋਂ ਸਿਲਹਟ ਪਹੁੰਚਣਾ ਸੀ । ਇਲਾਕਾ ਸਾਰਾ ਹੀ ਜੰਗਲੀ। ਗੈਂਡੇ ਹਾਥੀ ਸ਼ੇਰ ਜਿਹੇ ਖਤਰਨਾਕ ਜਾਨਵਰਾਂ ਨਾਲ ਭਰਿਆ ਪਿਆ ਸੀ। ਅੱਗੇ ਲੱਗ ਪਗ 90 ਕਿਲੋਮੀਟਰ ਸਫਰ ਕਰਕੇ ਦੀਮਾਪੁਰ ਪਹੁੰਚਣਾ ਸੀ। ਚਾਰੇ ਜਣੇ ਧੰਨਸਿਰੀ ਦਰਿਆ ਦੇ ਸਮਾਨਅੰਤਰ ਚਲਦੇ ਚਲਦੇ ਹੋਏ ਜਦੋਂ ਧੰਨਸਿਰੀ ਸ਼ਹਿਰ ਦੇ ਲਾਗੇ ਪਹੁੰਚੇ ਤਾਂ ਗੁਰੂ ਸਾਹਿਬ ਅੱਗੇ ਅੱਗੇ ਚਲਦੇ ਜਾ ਰਹੇ ਸਨ ਤੇ ਪਿੱਛੇ ਮਰਦਾਨੇ ਹੁਰੀ ਤਿੰਨੇ ਜਣੇ। ਮਰਦਾਨੇ ਹੁਰੀ ਕੋਈ ਫਲ ਫਰੂਟ ਤੋੜਨ ਠਹਿਰੇ ਸਨ ਤੇ ਗੁਰੂ ਸਾਹਿਬ ਹੋਰ ਅੱਗੇ ਨਿਕਲ ਗਏ।⊙

ਓਧਰ ਜੰਗਲੀ ਨਾਗਾ ਲੋਕਾਂ ਦਾ ਇੱਕ ਜਥਾ ਸ਼ਿਕਾਰ ਕਰ ਰਿਹਾ ਸੀ। ਜਦੋਂ ਓਨਾਂ ਅਜਨਬੀ ਇਨਸਾਨ (ਗੁਰੂ ਜੀ) ਨੂੰ ਵੇਖਿਆ ਤਾਂ ਆ ਘੇਰਿਆ। ਇਨਾਂ ਲੋਕਾਂ ਵਿੱਚ ਬੰਦੇ ਨੂੰ ਮਾਰ ਕੇ ਖਾਣ ਦਾ ਰਿਵਾਜ ਹੁੰਦਾ ਸੀ। ਬੰਦੇ ਦੇ ਸਿਰ ਦਾ ਫਿਰ ਆਪਣੇ ਕਬੀਲੇ ਵਿੱਚ ਜਾ ਕੇ ਜਨਾਨੀਆਂ ਦੇ ਸਾਹਮਣੇ ਮੁਜਾਹਰਾ ਕੀਤਾ ਜਾਂਦਾ ਸੀ। ਸਾਰੇ ਜਣਿਆ ਸਲਾਹ ਕੀਤੀ ਕਿ ਇਸ ਅਜਨਬੀ ਨੂੰ ਇਥੇ ਹੀ ਖਾ ਲਿਆ ਜਾਵੇ। ਅੱਗ ਬਾਲਣੀ ਸ਼ੁਰੂ ਕੀਤੀ। ਜਿਵੇ ਹੀ ਭਾਂਬੜ ਮੱਚ ਗਇਆ ਗੁਰੂ ਸਾਹਿਬ ਨੂੰ ਮਾਰਨ ਦੀ ਤਿਆਰੀ ਹੋ ਗਈ। ਜਿਵੇ ਗੁਰੂ ਸਾਹਿਬ ਨੂੰ ਆ ਕੇ ਇੱਕ ਜਾਣੇ ਨੇ ਹੱਥ ਲਾਇਆ ਉਹ ਖੜਾ ਦਾ ਖੜਾ ਹੀ ਰਹਿ ਗਿਆ। ਓਧਰ ਅੱਗ ਦਾ ਭਾਂਬੜ ਵੀ ਸ਼ਾਤ ਹੋ ਗਿਆ। ਗੁਰੂ ਸਾਹਿਬ ਨੇ ਕਿਹਾ ਕਿ ਭਾਈ ਰੁਕ ਕਿਓ ਗਏ ਹੋ? ਸਭ ਇੱਕ ਦੂਸਰੇ ਦੇ ਮੂੰਹ ਵਲ ਤੱਕ ਰਹੇ ਦਹਿਸ਼ਤ ਵਿਚ ਸਨ। ਗੁਰੂ ਸਾਹਿਬ ਮੁਸਕਰਾ ਰਹੇ ਸਨ। ਗੁਰੂ ਸਾਹਿਬ ਨੇ ਫਿਰ ਵੀ ਪਿਆਰ ਮੁਹੱਬਤ ਅਤੇ ਦਯਾ ਦਾ ਇਸ਼ਾਰਾ ਕੀਤਾ। ਨਾਗੇ ਗੁਰੂ ਸਾਹਿਬ ਦੇ ਚਰਨਾਂ ਤੇ ਢਹਿ ਪਏ।

ਏਨੇ ਨੂੰ ਮਰਦਾਨਾ ਵੀ ਸਾਥੀਆਂ ਨਾਲ ਪਹੁੰਚ ਗਇਆ। ਨਾਗਾ ਰਾਖਸ਼ ਹੈਰਾਨ ਸਨ। ਗੁਰੂ ਸਾਹਿਬ ਨੇ ਓਨਾਂ ਨੂੰ ਰੱਬ ਦਾ ਖਓ ਖਾਣ ਦਾ ਉਪਦੇਸ਼ ਦਿੱਤਾ। ਗੁਰੂ ਸਾਹਿਬ ਅਤੇ ਸਾਥੀਆ ਨੂੰ ਫਿਰ ਆਦਰ ਸਤਿਕਾਰ ਨਾਲ ਨਾਗਾ ਬਸਤੀ ਵਿੱਚ ਲਿਆਂਦਾ ਗਇਆ ਤੇ ਕੁਝ ਸਮਾਂ ਨਾਗੇ ਰਾਖਸ਼ਾ ਵਿੱਚ ਰਹਿ ਕੇ ਗੁਰੂ ਸਾਹਿਬ ਨੇ ਸੱਚ ਧਰਮ ਦਾ ਪ੍ਰਚਾਰ ਕੀਤਾ।

ਸ਼ਾਮੀ ਜਦੋਂ ਚਾਰੇ ਬੈਠੇ ਸਨ ਤਾਂ ਸਾਧੂਆਂ ਪੁੱਛਿਆ ਬਾਬਾ ਜੀ ਜਦੋਂ ਤੁਹਾਨੂੰ ਉਨਾਂ ਰਾਖਸ਼ਾਂ ਨੇ ਫੜਿਆ ਹੋਇਆ ਸੀ ਤੁਹਾਡੇ ਚਿਹਰੇ ਤੇ ਓਦੋਂ ਵੀ ਮੁਸਕਰਾਹਟ ਸੀ। ਇਸ ਗਲ ਦਾ ਸਾਨੂੰ ਅਹਿਸਾਸ ਹੈ ਕਿ ਇਹ ਸਰੀਰ ਨਾਸਵਾਨ ਹੈ ਪਰ ਉਸ ਵੇਲੇ ਤੁਸੀ ਆਪਣੀ ਅਵੱਸਥਾ ਚੜ੍ਹਦੀ ਕਲਾ ਵਾਲੀ ਕਿਵੇ ਰੱਖੀ ਸੀ। ਸਾਨੂੰ ਵੀ ਉਪਦੇਸ਼ ਦਿਓ। ਸਾਡਾ ਵੀ ਡਰ ਦੂਰ ਕਰੋ।

ਓਦੋਂ ਫਿਰ ਗੁਰੂ ਸਾਹਿਬ ਨੇ ਮਰਦਾਨੇ ਨੂੰ ਸੁਚੇਤ ਕੀਤਾ। ਮਰਦਾਨੇ ਦੀ ਰਬਾਬ ਨੇ ਪਹਾੜ ਗੂੰਜਣ ਲਾ ਦਿੱਤੇ। ਸਾਹਿਬ ਨੇ ਓਦੋਂ ਫਿਰ ਗਉੜੀ ਧੁੰਨ ਵਿੱਚ ਸਬਦ ਪੜਿਆ:

ਡਰਿ ਘਰੁ ਘਰਿ ਡਰੁ ਡਰਿ ਡਰੁ ਜਾਇ ॥ ਸੋ ਡਰੁ ਕੇਹਾ ਜਿਤੁ ਡਰਿ ਡਰੁ ਪਾਇ ॥ ਤੁਧੁ ਬਿਨੁ ਦੂਜੀ ਨਾਹੀ ਜਾਇ ॥ ਜੋ ਕਿਛੁ ਵਰਤੈ ਸਭ ਤੇਰੀ ਰਜਾਇ ॥੧॥ ਡਰੀਐ ਜੇ ਡਰੁ ਹੋਵੈ ਹੋਰੁ ॥ ਡਰਿ ਡਰਿ ਡਰਣਾ ਮਨ ਕਾ ਸੋਰੁ ॥੧॥ ਰਹਾਉ ॥ ਨਾ ਜੀਉ ਮਰੈ ਨ ਡੂਬੈ ਤਰੈ ॥ ਜਿਨਿ ਕਿਛੁ ਕੀਆ ਸੋ ਕਿਛੁ ਕਰੈ ॥ ਹੁਕਮੇ ਆਵੈ ਹੁਕਮੇ ਜਾਇ ॥ ਆਗੈ ਪਾਛੈ ਹੁਕਮਿ ਸਮਾਇ ॥੨॥ ਹੰਸੁ ਹੇਤੁ ਆਸਾ ਅਸਮਾਨੁ ॥ ਤਿਸੁ ਵਿਚਿ ਭੂਖ ਬਹੁਤੁ ਨੈ ਸਾਨੁ ॥ ਭਉ ਖਾਣਾ ਪੀਣਾ ਆਧਾਰੁ ॥ ਵਿਣੁ ਖਾਧੇ ਮਰਿ ਹੋਹਿ ਗਵਾਰ ॥੩॥ ਜਿਸ ਕਾ ਕੋਇ ਕੋਈ ਕੋਇ ਕੋਇ ॥ ਸਭੁ ਕੋ ਤੇਰਾ ਤੂੰ ਸਭਨਾ ਕਾ ਸੋਇ ॥ ਜਾ ਕੇ ਜੀਅ ਜੰਤ ਧਨੁ ਮਾਲੁ ॥ ਨਾਨਕ ਆਖਣੁ ਬਿਖਮੁ ਬੀਚਾਰੁ ॥

ਕੁਝ ਵਕਤ ਨਾਗਿਆਂ ਵਿੱਚ ਰਹਿਣ ਉਪਰੰਤ ਫਿਰ ਬਾਬਾ ਜੀ ਸਿਲਹਟ ਵਲ ਰਵਾਨਾ ਹੋ ਗਏ।

----◈------

## ਮਰਦਾਨਾ ਬਣਮਾਣੂ ਤੋਂ ਡਰੇ ਤੇ ਉਹ ਮਰਦਾਨੇ ਤੋਂ ਡਰਨ

ਸਿਬਸਾਗਰ ਤੋਂ ਜਦੋਂ ਬਾਬਾ ਜੀ ਸਿਲਹੱਟ ਵਲ ਜਾ ਰਹੇ ਸਨ ਤਾਂ ਇੱਕ ਥਾਂ ਤੇ ਬਣਮਾਣਸਾਂ ਦੀ ਵੱਡੀ ਹੇੜ ਵੇਖੀ। ਸੈਕੜਿਆਂ ਬਣਮਾਣੂਆਂ ਜਦੋਂ ਪ੍ਰਦੇਸੀ ਜਿਹੇ ਬੰਦੇ ਵੇਖੇ ਤਾਂ ਉਨਾਂ ਨੇ ਚੀਕਾਂ ਮਾਰ ਮਾਰ ਕੇ ਅਸਮਾਨ ਸਿਰ ਦੇ ਚੁੱਕ ਲਿਆ। ਹਾਲਾਂ ਬਣਮਾਣੂ ਭਾਰਤ ਦੇ ਬਾਕੀ ਜੰਗਲਾਂ 'ਚੋਂ ਸੈਕੜੇ ਸਾਲ ਪਹਿਲਾਂ ਹੀ ਖਤਮ (Extinct) ਹੋ ਚੁੱਕੇ ਹਨ ਪਰ ਭਾਰਤ ਦੇ ਉਤਰ ਪੂਰਬ ਦੇ



ਜਿੰਨਾਂ ਨੂੰ ਵੇਖ ਮਰਦਾਨਾ ਡਰ ਗਿਆ ਸੀ। ਉੱਤਰ ਪੂਰਬ ਦੇ ਬਣਮਾਣੂ (ਗਿੱਬਨ) ਜੋ ਇਨਸਾਨਾਂ ਨੂੰ ਵੇਖ ਕੇ ਬਹੁਤ ਚੀਕ ਚਿਹਾੜਾ ਪਾਉਦੇ ਹਨ।

ਪੈੜ ਸਫਾ

⊙ ਸਰੋਤ ਸੋਢੀ ਤੇ ਕਿਰਪਾਲ ਸਿੰਘ - 65 ਪੰਨਾ

ਕੋਹਲੀ ਅਨੁਸਾਰ ਧਨਾਸਰੀ ਦੇਸ ਤੱਨਾਸਿਰਮ ਹੈ ਜੋ ਕਿ ਮਿਆਂਮਾਰ ਦਾ ਇੱਕ ਟਾਪੂ ਹੈ। ਇਹ ਤਾਂ ਕਲਕੱਤੇ ਤੋਂ ਸਮੁੰਦਰ ਰਸਤੇ ਕੋਈ 1500 ਕਿਲੋਮੀਟਰ ਹਟਵਾ ਹੈ। ਇਹ ਵੱਖਰੀ ਗਲ ਹੈ ਕਿ ਓਥੇ ਸਮੁੰਦਰ ਵਿੱਚ ਹੋਰ ਕੋਈ 40-50 ਟਾਪੂ ਜਾਂ ਦੀਪ ਨੇ। ਓਧਰ ਜਨਮ ਸਾਖੀਆਂ 'ਚ ਜਿਕਰ ਹੈ ਕਿ ਗੁਰੂ ਸਾਹਿਬ ਨੇ ਦੀਪਾਂ ਦੀ ਵੀ ਸੈਰ ਕੀਤੀ। ਇਹ ਮਜਮੂਨ ਅਜੇ ਹੋਰ ਖੋਜ ਦੀ ਮੰਗ ਕਰਦਾ ਹੈ। ਪਰ ਤਨਾਸਿਰਮ ਦਾ ਇਸ ਸਾਖੀ ਨਾਲ ਸਬੰਧ ਨਹੀ ਬਣਦਾ।

ਸੋਢੀ ਮਿਹਰਬਾਨ - ਪੰਨਾ 231 ਤੇ ਰਾਖਸ਼ਾਂ ਵਾਲੀ ਸਾਖੀ ਦੱਖਣ ਦੀ ਦੱਸੀ ਹੈ ਪਰ ਨਾਲ ਹੀ ਸ਼ਾਕਤ ਲੋਕਾਂ ਦੇ ਉਧਾਰ ਦੀ ਗਲ ਵੀ ਹੈ। ਕਾਮਰੂਪ (ਤੇ ਬੰਗਾਲ) ਸ਼ਾਕਤ ਲੋਕਾਂ ਦੀ ਧਰਤੀ ਗਿਣੀ ਗਈ ਜਿਸ ਦਾ ਵਿਸਥਾਰ ਇਸ ਤੋਂ ਪਹਿਲੀ ਵਾਲੀ ਸਾਖੀ 'ਚ ਆ ਗਇਆ ਹੈ।

ਬਾਲੀ ਵਾਲੀ ਸਾਖੀ ਨੇ ਆਸਰਾਪਨਾਹ ਦੇਸ ਲਿਖਿਆ ਹੈ।

ਪੁਰਾਤਨ ਨੇ ਧਨਾਸਰੀ ਦੇਸ ਲਿਖਿਆ ਹੈ। ਅਸੀ ਕਿਰਪਾਲ ਸਿੰਘ ਹੁਰਾਂ ਨਾਲ ਸਹਿਮਤ ਹਾਂ ਕਿ 'ਇਹ ਅਸਾਮ ਨਾਗਾਲੈਂਡ ਦੀ ਧਨਾਸਰੀ ਘਾਟੀ ਹੈ" ਅਸਾਮ ਤੇ ਨਾਗਾਲੈਂਡ ਦੀ ਸਰਹੱਦ ਹੈ ਧੰਨਸਿਰੀ ਦਰਿਆ। ਅੱਜ ਵੀ ਧੰਨਸਿਰੀ ਨਾਂ ਦਾ ਸ਼ਹਿਰ ਵੀ ਮੌਜੂਦ ਹੈ ਜੋ ਅਸਾਮ ਵਿੱਚ ਨਾਗਾਲੈਂਡ ਦੀ ਸਰਹੱਦ ਤੇ ਹੈ। ਅੰਦਾਜ਼ਾ ਹੈ ਇਹੋ ਸ਼ਹਿਰ ਹੋਵੇਗਾ ਜਿੱਥੇ ਰਾਖਸ਼ਾਂ ਨਾਲ ਬਾਬੇ ਤੇ ਮਰਦਾਨੇ ਦਾ ਟਾਕਰਾ ਹੋਇਆ। ਓਧਰ ਨਾਗਾਲੈਂਡ ਵਿੱਚ ਰਾਖਸ਼ ਅੱਜ ਤੱਕ ਦੇ ਜਮਾਨੇ ਵਿੱਚ ਰਹੇ ਨੇ। ਹੁਣ ਵੀ ਉਹ ਆਪਣੇ ਦੁਸ਼ਮਣ ਨੂੰ ਮਾਰ ਕੇ ਉਹਦਾ ਸਿਰ ਖਾਣ ਵਿੱਚ ਫਖਰ ਮਹਿਸੂਸ ਕਰਦੇ ਨੇ।

ਸੋ ਸੋਢੀ ਮਿਹਰਵਾਨ ਨੇ ਰਾਖਸ਼ਾਂ ਵਾਲੀ ਜਿਹੜੀ ਸਾਖੀ ਦਿੱਤੀ ਹੈ ਉਹ 100% ਧਨਾਸਰੀ ਸ਼ਹਿਰ ਨਾਗਾਲੈਂਡ ਦੇ ਇਲਾਕੇ ਦੀ ਹੀ ਹੈ।

ਕਿਉਕਿ ਧੰਨਸਿਰੀ ਘਾਟੀ ਸਹਿਜ ਨਾਲ ਹੀ ਪਛਾਣੀ ਜਾਂਦੀ ਹੈ ਜਿਸ ਦਾ ਜਨਮ ਸਾਖੀ ਵਿੱਚ ਜਿਕਰ ਹੈ ਸੋ ਇਸ ਬਾਰੇ ਕੋਈ ਸ਼ੱਕ ਨਹੀ ਰਹਿਣਾ ਚਾਹੀਦਾ ਕਿ ਇਹ ਘਟਨਾ ਦੀਮਾਪੁਰ ਦੇ ਲਾਗੇ ਚਾਗੇ ਕਿਤੇ ਨਾਗਾਲੈਂਡ ਵਿੱਚ ਹੀ ਵਾਪਰੀ।

ਬਾਕੀ ਕੌਡੇ ਰਾਖਸ਼ ਵਾਲੀ ਸਾਖੀ ਇਸ ਤੋਂ ਵੱਖਰੀ ਹੈ। ਯਾਦ ਰਹੇ ਕੌਡਾ ਨਾਂ ਕਦੀ ਵੀ ਉਤਰ ਪੂਰਬ ਇਲਾਕੇ ਵਿੱਚ ਨਹੀ ਵਰਤਿਆ ਗਿਆ।

ਨਾਗਾ (ਸੱਪਾਂ ਵਾਲਾ) ਦੇਸ ਨੂੰ ਜਨਮ ਸਾਖੀ ਨੇ ਬਿਸੀਅਰ ਦੇਸ ਲਿਖਿਆ ਹੈ। (ਬਿਨੁ ਗੁਰ ਬਿਸੀਅਰੁ ਡਸੈ ਮਰਿ ਵਾਟ ॥ ਨਾਨਕ ਗੁਰ ਬਿਨੁ ਘਾਟੇ ਘਾਟ ॥) ਨਾਗਾ ਤੋਂ ਮਤਲਬ ਨੰਗਾ ਨਹੀ ਸਗੋ ਨਾਗ ਸੱਪ ਵਾਸਤੇ ਜਨਮ ਸਾਖੀਆਂ ਨੇ ਲਫਜ ਵਰਤਿਆ ਹੈ। ਧਿਆਨ ਰਹੇ ਪੁਰਾਣੇ ਜਮਾਨੇ ਵਿੱਚ ਨੰਗਾ ਰਹਿਣਾ ਤਾਂ ਆਮ ਹੀ ਹੁੰਦਾ ਸੀ। ਸੰਨ 1978 ਵਿੱਚ ਅਸੀ ਬਿਹਾਰ ਦੇ ਰਾਂਚੀ ਇਲਾਕੇ ਵਿੱਚ ਵੇਖਿਆ ਸੀ ਓਥੋਂ ਦੀਆਂ ਬਜੁਰਗ ਆਦਿ ਵਾਸੀ ਜਨਾਨੀਆ ਅਜੇ ਵੀ ਛਾਤੀ ਨਹੀ ਸਨ ਢੱਕਦੀਆਂ।

ਇਲਾਕੇ ਵਿੱਚ ਅੱਜ ਤੱਕ ਵੀ ਗਿੱਬਨ ਬਣਮਾਣਸਾਂ ਦੀ ਨਸਲ ਬਚੀ ਹੋਈ ਹੈ।

ਜਦੋਂ ਗੁਰੂ ਸਾਹਿਬ ਨੇ ਮਰਦਾਨੇ ਨੂੰ ਸਮਝਾਇਆ ਕਿ ਇਹ ਜਾਨਵਰ ਇਨਸਾਨ ਨੂੰ ਨੁਕਸਾਨ ਨਹੀ ਪਹੁੰਚਾਉਂਦੇ ਤਾਂ ਮਰਦਾਨੇ ਨੇ ਉਨਾਂ ਨਾਲ ਖੂਬ ਮਨਪਰਚਾਵਾ ਕੀਤਾ। ਇਨਾਂ ਦਾ ਚੀਕਾਂ ਮਾਰਨ ਦਾ ਮਤਲਬ ਹੁੰਦਾ ਹੈ ਦੂਸਰਿਆਂ ਨੂੰ ਖਤਰੇ ਤੋਂ ਸੁਚੇਤ ਕਰਨਾਂ।

ਫਿਰ ਉਸ ਇਲਾਕੇ ਦਾ ਜਦੋਂ ਸ਼ਹਿਰ ਆਇਆ ਤਾਂ ਗੁਰੂ ਸਾਹਿਬ ਦੀ ਸ਼ਰਨ ਵਿੱਚ ਓਥੋਂ ਦਾ ਰਾਜਾ ਵੀ ਆਇਆ। ਓਥੋਂ ਦੇ ਫਲ ਫਰੂਟ ਮਰਦਾਨੇ ਨੂੰ ਬਹੁਤ ਪਸੰਦ ਆਏ। ਓਥੇ ਵੀ ਕੁਝ ਵਕਤ ਗੁਰੂ ਸਾਹਿਬ ਰੁੱਕੇ ਸਨ। ⊙

----◈-----

## ਸ਼ੇਖ ਅਲੀ ਕੋਲ ਬਾਬਾ ਸਿਲਹਟ ਪਹੁੰਚ ਗਏ

ਅੱਜ ਦੇ ਬੰਗਲਾਦੇਸ਼ ਨੂੰ ਇਸਲਾਮ ਦੇ ਰੰਗ ਵਿੱਚ ਰੰਗਣ ਵਾਲੇ ਸੂਫੀ ਫਕੀਰ ਹੀ ਹੋਏ ਨੇ। ਇਨਾਂ ਵਿੱਚੋਂ ਹੀ 14 ਵੀ ਸਦੀ ਦਾ ਨਕਸ਼ਬੰਦੀ ਫਿਰਕੇ ਦਾ ਸ਼ਾਹ ਜਲਾਲ ਹੋਇਆ ਹੈ ਜਿਸ ਨੇ ਸਿਲਹੱਟ ਦੇ ਇਲਾਕੇ ਵਿੱਚ ਇਸਲਾਮ ਮਜ਼੍ਹਬ ਦਾ ਪ੍ਰਚਾਰ ਕੀਤਾ। ਏਸੇ ਦੇ ਜਾਨ ਨਸ਼ੀਨਾਂ ਵਿੱਚੋ ਹੋਇਆ ਹੈ ਸ਼ੇਖ ਅਲੀ ਜਿਸ ਨੇ ਸ਼ਾਹ ਜਲਾਲ ਦੀ ਜੀਵਨੀ ਲਿਖੀ ਸੀ। ਜਿਸ ਦਾ ਇੰਤਕਾਲ ਸੰਨ 1562 ਵਿੱਚ ਹੋਇਆ। ✚

ਕਿਉਕਿ ਇਹ ਵਿਦਵਾਨ ਬੰਦਾ ਸੀ ਤੇ ਇਸ ਫਿਰਕੇ ਦਾ ਪੰਜਾਬ ਦੇ ਸੂਫੀਆਂ ਨਾਲ ਗੂੜਾ ਸਬੰਧ ਸੀ। ਲੱਗਦਾ ਹੈ ਕਿ ਗੁਰੂ ਸਾਹਿਬ ਨੇ ਕੁਝ ਲਿਖਤਾਂ ਵੀ ਇਸ ਕੋਲੋ ਹਾਸਲ ਕੀਤੀਆਂ ਹੋਣ। ਜਨਮ ਸਾਖੀਆਂ ਵਿੱਚ ਉਂਜ ਨਾਮ ਸ਼ੇਖ ਬ੍ਰਹਮ ਦਿੱਤਾ ਹੈ। ਜੋ ਗਲਤ ਹੈ ਕਿਉਕਿ ਸ਼ੇਖ ਬ੍ਰਹਮ ਦੀ ਮਜ਼ਾਰ ਖੇਮਕਰਨ ਜਿਲਾ ਤਰਨ ਤਾਰਨ ਵਿਖੇ ਹੈ।

ਸਿਲਹਟ ਵਿਖੇ ਹੀ ਇੱਕ ਦੇਵੀ ਪ੍ਰਸਾਦ ਬੋਸ ਨਾਂ ਦਾ ਪ੍ਰਸਿਧ ਵਾਮਚਾਰੀ ਹੁੰਦਾ ਸੀ ਜੋ ਤੰਤਰ ਵਿਦਿਆ ਦਾ ਵੀ ਮਾਹਿਰ ਸੀ। ◘ ਆਪਣੀ ਵਿਦਿਆ ਰਾਂਹੀ ਲੋਕਾਂ ਨੂੰ ਅਚੰਭੇ ਵਿੱਚ ਪਾ ਕੇ ਤੇ ਕਦੀ ਦੁੱਖ ਤਕਲੀਫ ਦੇ ਕੇ ਅਨੰਦ ਮਹਿਸੂਸ ਕਰਿਆ ਕਰਦਾ ਸੀ। ਗੁਰੂ ਸਾਹਿਬ ਨਾਲ ਵੀ ਉਸ ਨੇ ਇਹ ਚਲਾਕੀਆਂ ਕਰਨੀਆਂ ਚਾਹੀਆਂ ਪਰ ਅੱਗੇ ਇੱਕ ਨਾਂ ਚਲੀ ਤੇ ਹਾਰ ਕੇ ਚਰਨੀ ਲੱਗਾ। ਸਿੱਖ ਪ੍ਰਚਾਰਕ ਹੋ ਨਿਬੜਿਆ।

ਸਿਲਹਟ ਵਿਖੇ ਵੀ ਵੱਡੀ ਸੰਗਤ ਹੁੰਦੀ ਸੀ। ਗੁਰੂ ਸਾਹਿਬਾਨ ਦੇ ਕਾਲ ਤੱਕ ਸੰਗਤ ਨਾਲ ਤਾਲ ਮੇਲ ਰਹਿੰਦਾ ਸੀ। ਪਰ ਬਾਦ ਵਿੱਚ ਸਿੱਖੀ ਤੇ ਜੋ ਰਾਜਨੀਤਕ ਭੀੜਾਂ ਪਈਆਂ ਓਨਾਂ ਕਰਕੇ ਦੂਰ ਦੁਰਾਡੇ ਦੀ ਸੰਗਤ ਨਾਲ ਮੇਲ ਕਾਇਮ ਨਾਂ ਰਹਿ ਸਕਿਆ ਜਿਸ ਕਾਰਨ ਉਹ ਲੋਕ ਹੌਲੀ ਹੌਲੀ ਮੁਸਲਮਾਨ ਬਣ ਗਏ।

ਸਿੱਲ੍ਹਟ ਦੇ ਲੋਕ ਅੰਬਾਂ ਕਰਕੇ ਅੱਜ ਵੀ ਗੁਰੂ ਸਾਹਿਬ ਨੂੰ ਯਾਦ ਕਰਦੇ ਹਨ। ਹੋਇਆ ਇਸ ਤਰਾਂ ਕਿ ਜਦੋਂ ਗੁਰੂ ਸਾਹਿਬ ਤੇ ਸ਼ੇਖ ਅਲੀ ਦੀ ਗੋਸ਼ਟਿ ਚਲ ਰਹੀ ਸੀ ਤਾਂ ਮਰਦਾਨੇ ਦਾ ਅੰਬ ਚੂਪਣ ਨੂੰ ਜੀਅ ਕੀਤਾ ਜੋ ਕਿ ਜਲਾਲ ਪੀਰ ਦੇ ਮਕਬਰੇ ਦੇ ਦੁਆਲੇ ਬਾਗ ਵਿੱਚ ਲੱਗੇ ਹੋਏ ਸਨ। ਪੀਰ ਦੇ ਬੰਦਿਆਂ ਨੇ ਬਹਾਨਾ ਲਾਉਂਦਿਆਂ ਕਹਿ ਦਿੱਤਾ ਕਿ ਇਹ ਬੇਬਹਾਰੇ ਅੰਬ ਚੂਪਣ ਲਾਇਕ ਨਹੀ ਹਨ। ਇਨਾਂ ਵਿੱਚ ਕੀੜਾ (ਸੁੰਡੀ) ਹੈ। ਕੋਈ ਅਜਿਹੀ ਕਰਨੀ ਕਿ ਅੱਜ ਤੱਕ ਇਸ ਇਲਾਕੇ ਦੇ ਅੰਬਾਂ ਵਿੱਚ ਪੱਕਣ ਦੇ ਤੁਰੰਤ ਬਾਦ ਸੁੰਡੀ ਚਲ ਜਾਂਦੀ ਹੈ। ◈

1930 ਈ. ਵੇਲੇ ਤੱਕ ਸਿਲਹਟ ਦਾ ਗੁਰਦੁਆਰਾ ਪਹਿਲੀ ਪਾਤਸ਼ਾਹੀ ਖਤਮ ਹੋ ਚੁੱਕਾ ਸੀ ਤੇ ਸਾਫ ਜਮੀਨ ਬਚੀ ਸੀ। ਬਸ ਇਨੀ ਕੁ ਪ੍ਰੰਪਰਾ ਚਲੀ ਆਉਦੀ ਸੀ ਕਿ ਇਥੇ ਇਕ ਕਮਰੇ ਵਿੱਚ ਆ ਕੇ ਗੁਰੂ ਨਾਨਕ ਬੈਠੇ ਸਨ। ਕੁਦਰਤੀ ਹੈ ਕਿ ਬਾਦ ਵਿੱਚ ਮਕਾਨ ਢੱਠ ਗਇਆ ਹੋਵੇਗਾ। ਪਰ ਯਾਦ ਬਚੀ ਹੋਈ ਹੈ। ਜਦੋਂ ਇਲਾਕੇ ਵਿੱਚ ਸਿੱਖ ਨਹੀ ਹਨ ਤਾਂ ਗੁਰਦੁਆਰਾ ਕਿਵੇ ਬਣੇਗਾ ਤੇ ਬਚੇਗਾ। ◈

ਇਹੋ ਲਗਦਾ ਹੈ ਕਿ ਸਿਲਹਟ ਤੋਂ ਗੁਰੂ ਸਾਹਿਬ ਸੋਨਾਰਗਾਓ (ਢਾਕਾ) ਵਲ ਰਵਾਨਾ ਹੋਏ। ਗਿਆਨੀ ਅਨੁਸਾਰ ਉਹ ਅੱਜ ਦੇ ਕਿਸ਼ੋਰ ਗੰਜ ਇਲਾਕੇ ਥਾਂਣੀ ਨਿਕਲੇ। ਓਹਨੀ ਦਿਨੀਂ ਓਥੇ ਇਗਾਰੋਸੰਧੁਰ ਨਾਂ ਦੀ ਛੋਟੀ ਜਿਹੀ ਰਿਆਸਤ ਸੀ। ਕੁਦਰਤੀ ਹੈ ਕਿ ਓਥੋਂ ਦੇ ਰਾਜੇ ਨੂੰ ਵੀ ਮਿਲੇ ਹੋਣਗੇ।

----◈-----

## ਜਦੋਂ ਬੰਗਾਲਣ ਜਾਦੂਗਰਨੀਆਂ ਨੇ ਮਰਦਾਨਾ ਕੀਲ ਕੇ ਭੇਡੂ ਬਣਾ ਦਿੱਤਾ।

ਭਾਰਤੀ ਉਪ ਮਹਾਂਦੀਪ ਵਿੱਚ ਜਦੋਂ ਜਾਦੂ ਦਾ ਜਿਕਰ ਆਉਂਦਾ ਹੈ ਤਾਂ ਦਿਮਾਗ ਵਿੱਚ ਇੱਕ ਦਮ ਬੰਗਾਲ ਆ ਜਾਂਦਾ ਹੈ । ਇਹ ਅੱਜ ਨਹੀ ਇਤਹਾਸ ਵਿੱਚ ਵੀ ਬੰਗਾਲ ਦਾ ਜਾਦੂ ਵਿੱਚ ਛਾਇਆ ਹੋਇਆ ਹੈ। ਪਿੱਛਲੀ ਸਦੀ 'ਚ ਇੱਕ ਪੀ ਸੀ ਸਰਕਾਰ ( 1923-1971ਈ.) ਨਾਂ ਦਾ ਪੜਿਆ ਲਿਖਿਆਂ ਜਾਦੂਗਰ ਹੋ ਗੁਜਰਿਆ ਹੈ ਜਿਸ ਨੇ ਦਾਵਾ ਕੀਤਾ ਸੀ ਕਿ ਉਹਦੀਆਂ ਪਿੱਛਲੀਆਂ ਸੱਤ ਪੁਸ਼ਤਾਂ ਜਾਦੂ ਦੇ ਮੈਦਾਨ ਵਿੱਚ ਰਹੀਆਂ ਹਨ। ਹਿੰਦੂਆਂ ਦਾ ਵਸ਼ੀਕਰਨ ਮੰਤਰ ਵੀ ਬੰਗਾਲੀਆਂ ਦੀ ਹੀ ਦੇਣ ਹੈ।

ਸੋ ਬੰਗਾਲ ਵਿੱਚ ਬਾਬਾ ਜਾਵੇ ਤੇ ਭਲਾ ਜਾਦੂਗਰਾਂ ਨਾਲ ਟਾਕਰਾ ਨਾਂ ਹੋਵੇ। ਇਹ ਤਾਂ ਹੋ ਹੀ ਨਹੀ ਸਕਦਾ। ○

ਕਿਸ਼ੋਰਗੰਜ ਵਾਲੇ ਪਾਸਿਓ ਆਉਂਦੇ ਹੋਏ ਧੰਨਪੁਰ ਦੇ ਸਥਾਨ ਤੇ ਟਾਕਰਾ ਹੋਇਆ ਵੀ ਜਨਾਨਾ ਜਾਦੂਗਰਨੀਆਂ ਨਾਲ। ਨਿਰਾ ਏਨਾ ਹੀ ਨਹੀ। ਕਾਮਰੂਪ ਵਿੱਚ ਔਰਤ ਪ੍ਰਧਾਨ ਸਮਾਜ ਹੁੰਦਾ ਸੀ। ਅੱਜ ਵੀ ਮੈਘਾਲਿਆ ਤੇ ਅਸਾਮ ਦੇ ਕੁਝ ਕਬੀਲਿਆਂ ਵਿੱਚ ਔਰਤ ਹੀ ਟੱਬਰ ਦੀ ਮੁਖੀਆ ਹੁੰਦੀ ਹੈ । ਮਤਲਬ ਵਿਆਹ ਹੋ ਕੇ ਬੰਦਾ

ਪ੍ਰੈਂਤ ਸ੍ਰੋਤ

⊙ ਬਾਲਾ-183

✚ ਸ਼ੇਖ ਅਲੀ- ਵਿਕੀਪੀਡੀਆ ਤੋਂ ਸ਼ਾਹ ਜਲਾਲ ਤੇ ਇੰਦਰਾਜ

◘ ਬੋਸ- ਗਿਆਨੀ ਠਾਕਰ ਸਿੰਘ- ਗੁਰਦੁਆਰਾ ਦਰਸ਼ਨ (ਡਾ. ਤਰਲੋਚਨ ਸਿੰਘ)

○ ਬੰਗਾਲ ਦੇ ਇਲਾਕੇ ਦੀਆਂ ਦੋ ਤਿੰਨ ਗੱਲਾਂ ਹੀ ਤਾਂ ਮਸ਼ਹੂਰ ਹੋਇਆ ਕਰਦੀਆਂ ਸਨ। 1. ਮਖਮਲ, 2. ਜਾਦੂ ਤੇ 3.ਸਪੇਰੇ।

◈ ਸਾਈਕਲ ਯਾਤਰੀ- 128

ਆਪਣੇ ਸਹੁਰਿਆ ਦੇ ਘਰ ਜਾਂਦਾ ਹੈ। ਨਹੀ, ਸਿਰਫ ਏਨਾ ਹੀ ਨਹੀ, ਆਪਣੀ ਸੱਸ ਦੀ ਰਹਿਨੁਮਾਈ ਵਿੱਚ ਰਹਿੰਦਾ ਹੈ। ਬੱਚਿਆ ਦੀ ਵਲਦੀਅਤ ਤੇ ਵੀ ਮਾਂ ਦਾ ਨਾਂ ਹੀ ਆਉਦਾ ਹੈ। ਸੱਸ ਤੋਂ ਬਾਦ ਉਹਦੀ ਛੋਟੀ ਧੀ ਘਰਾਣੇ ਦੀ ਮੁਖੀਆ ਬਣਦੀ ਹੈ।

ਸੋ ਬਾਬਾ ਧੰਨਪੁਰ ਸ਼ਹਿਰ ਦੇ ਬਾਹਰ ਡੇਰਾ ਲਾਈ ਬੈਠਾ ਸੀ। ਮਰਦਾਨਾ ਆਖਣ ਲੱਗਾ ਬਾਬਾ ਮੈਂ ਸ਼ਹਿਰ ਹੋ ਆਵਾਂ, ਕੁਝ ਖਾ ਪੀ ਆਵਾਂ। ਗੁਰੂ ਸਾਹਿਬ ਨੇ ਮਰਦਾਨੇ ਨੂੰ ਸੁਚੇਤ ਕੀਤਾ ਕਿ ਭਾਈ ਇਥੇ ਤਿਰੀਆ ਰਾਜ ਹੈ ਜਾਣਾ ਹੈ ਤਾਂ ਜਰਾ ਧਿਆਨ ਨਾਲ।

ਮੋਢੇ ਤੇ ਰਬਾਬ ਜਦੋਂ ਮਰਦਾਨਾ ਸ਼ਹਿਰ ਵਿੱਚ ਵੜਿਆ ਹੀ ਸੀ ਕਿ ਤਿਰੀਆਂ ਦੇ ਨਿਗਾਹੇ ਪੈ ਗਿਆ। ਸੋਹਣਾ ਛਬੀਲਾ, ਲੰਮਾ ਉੱਚਾ



ਬਾਬਾ, ਨੂਰ ਸਾਹਾ ਅਤੇ ਹੋਰ ਜਾਦੂਗਰਨੀਆਂ ਅਤੇ ਹੇਠਾਂ ਭੇਡੂ ਬਣਿਆ ਭਾਈ ਮਰਦਾਨਾ। (ਬੀ:40 ਤਸਵੀਰ)

ਜਵਾਨ, ਉਹਦੀ ਰਬਾਬ ਦੀ ਧੁੰਨ ਤਾਂ ਪੰਛੀ ਕੀਲ ਦੇਵੇ। ਘੁੰਮਦਾ ਫਿਰਦਾ ਅਲਖ ਜਗਾਉਦਾ ਮਰਦਾਨਾ ਜਾਦੂਗਰਾਂ ਦੇ ਮੁਹੱਲੇ ਜਾ ਵੜਿਆ। ਤਿਰੀਆਂ ਨੇ ਮਰਦਾਨੇ ਨੂੰ ਝੱਟ ਅੰਦਰ ਬੁਲਾ ਲਿਆ। ਖਵਾਇਆ ਪਿਆਇਆ। ਫਕੀਰ ਦੀ ਖੂਬ ਆਓ ਭਗਤ ਕੀਤੀ। ਇੱਕ ਮਸਤਾਨੀ ਤਿਰੀ ਨੇ ਮਰਦਾਨੇ ਦੇ ਹੱਥ ਤੇ ਝੱਟ ਮੌਲੀ ਬੰਨ ਦਿੱਤੀ। ਮਰਦਾਨਾ ਇੱਕ ਦਮ ਇਨਸਾਨ ਤੋਂ ਭੇਡੂ ਦਾ ਰੂਪ ਹੋ ਗਿਆ। ਇਸ ਤੇ ਤਿਰੀਆਂ ਖੂਬ ਮੌਜ ਮਸਤੀ ਕਰ ਰਹੀਆਂ ਸਨ।

2-4 ਘੰਟੇ ਜਦੋਂ ਮਰਦਾਨਾ ਨਾਂ ਪਰਤਿਆ ਤਾਂ ਬਾਬੇ ਨੇ ਧਿਆਨ ਕੀਤਾ। ਆਪ ਵੀ ਨਗਰ ਵਿੱਚ ਜਾ ਵੜਿਆ। ਬੱਚਿਆ ਨੇ ਸ਼ਾਹਦੀ ਭਰੀ ਕਿ "ਹਾਂ ਰਬਾਬ ਲਈ, ਤੁਹਾਡਾ ਬੰਦਾ ਜਾਦੂਗਰਾਂ ਦੇ ਮੁਹੱਲੇ ਵੜਦਾ ਵੇਖਿਆ ਅਸਾਂ।"

ਓਹੀ ਮਸਤਾਨੀ ਤਿਰੀਆਂ ਨਾਲ ਬਾਬੇ ਦਾ ਵੀ ਮੇਲ ਹੋ ਗਿਆ। ਮਰਦਾਨੇ ਬਾਰੇ ਪੁਛਿਆ। ਉਨਾਂ ਕਿਹਾ ਕਿ ਅਸੀ ਤਾਂ ਨਹੀ ਵੇਖਿਆ ਤੁਹਾਡਾ ਬੰਦਾ। ਤੇ ਨਾਲ ਹੀ ਬਾਬੇ ਦੀ ਆਓ ਭਗਤ ਵਿੱਚ ਲੱਗ ਗਈਆਂ। ਲੰਗਰ ਪਾਣੀ ਨਿਰਾ ਪੁੱਛਿਆ ਹੀ ਨਾਂ ਛਕਾਉਣਾ ਸ਼ੁਰੂ ਕੀਤਾ। ਓਨਾਂ ਮੋਮੋਠੱਗਣੀਆਂ ਨੇ ਝੱਟ ਬਾਬੇ ਦੇ ਹੱਥ ਤੇ ਵੀ ਮੌਲੀ ਬੰਨ ਦਿੱਤੀ। ਬਾਬੇ ਤੇ ਓਨਾਂ ਦੇ ਜਾਦੂ ਦਾ ਕੀ ਅਸਰ ਹੋਣਾ ਸੀ, ਉਹਨਾਂ ਜਾਦੂਗਰਨੀਆਂ ਨੂੰ ਹੀ ਅਚਵੀ ਹੋਣੀ ਸ਼ੁਰੂ ਹੋ ਗਈ। ਤੜਫਦੀਆਂ ਭੁੜਕਦੀਆਂ ਉਹ ਝੱਟ ਆਪਣੀ ਮੁਖੀਆ ਨੂਰ ਸ਼ਾਹ ਨੂੰ ਸੱਦ ਲਿਆਈਆਂ। ਨੂਰਸ਼ਾਹ ਨੇ ਵੀ ਆਪਣਾ ਕਾਲਾ ਜਾਦੂ ਬਾਬੇ ਤੇ ਕਰਨਾਂ ਚਾਹਿਆ ਪਰ ਨਾਕਾਮ ਰਹੀ।

ਬਾਬੇ ਨੇ ਕਿਹਾ ਮੇਰਾ ਬੰਦਾ ਬਾਹਰ ਕੱਢੋ। ਉਨਾਂ ਫਿਰ ਨਾਂਹ ਕਰ ਦਿੱਤੀ ਕਿ ਸਾਡੇ ਕੋਲ ਕੋਈ ਬੰਦਾ ਨਹੀ ਤੁਹਾਡਾ। ਏਨੇ ਨੂੰ ਭੇਡੂ ਬਣੇ ਮਰਦਾਨੇ ਨੇ ਅਵਾਜ ਕੱਢੀ, "ਬੈਂਅਅਅਅ"। ਗੁਰੂ ਸਾਹਿਬ ਭੇਡੂ ਕੋਲ ਗਏ। ਪੁਚਕਾਰਿਆ ਤੇ ਓਹਦੇ ਗਲੋਂ ਰੱਸੀ ਖੋਲ ਦਿੱਤੀ। ਭੇਡੂ ਫਿਰ ਮਰਦਾਨੇ ਦੇ ਰੂਪ ਵਿੱਚ ਸੀ। ਮਰਦਾਨਾ ਦੁੱਖੀ ਹੋਇਆ ਬੋਲਿਆ, "ਬਾਬੇ ਕਿੱਥੇ ਕਿੱਥੇ ਤੂੰ ਮੈਨੂੰ ਲਈ ਫਿਰਦਾ ਨਰਕਾਂ ਵਿੱਚ।" ਗੁਰੂ ਸਾਹਿਬ ਨੇ ਮਰਦਾਨੇ ਨੂੰ ਯਾਦ ਦਿਵਾਇਆ ਕਿ ਤੈਨੂੰ ਸੁਚੇਤ ਕੀਤਾ ਸੀ, ਤੂੰ ਫਿਰ ਲਾਪਰਵਾਈ ਵਰਤੀ।

ਖੈਰ ਆਪਣਾ ਕਾਲਾ ਇਲਮ ਫੇਲ ਹੁੰਦਾ ਵੇਖ ਨੂਰਸ਼ਾਹ ਬਾਬੇ ਦੇ ਚਰਨੀ ਢਹਿ ਪਈ ਕਿਉਕਿ ਉਹ ਸਮਝ ਗਈ ਕਿ ਇਹ ਕੋਈ ਪੂਰਨ ਸੰਤ ਹੈ। ਗੁਰੂ ਸਾਹਿਬ ਨੇ ਉਨੂੰ ਸ਼ਰਮਿੰਦਾ ਕੀਤਾ ਕਿ ਤੁਸੀ ਕੀ ਕੀ ਰੂਪ ਬਣਾਇਆ ਹੋਇਆ ਹੈ। ਓਤੋਂ ਤੁਸੀ ਧਰਮ ਦੀ ਚਾਦਰ ਓੜੀ ਹੋਈ ਹੈ ਤੇ ਕੰਮ ਕਿਹੋ ਜਿਹੇ ਕਰਦੀਆਂ ਹੋ। ਜਿੰਨੀ ਮਿਹਨਤ ਤੁਸਾਂ ਇਹ ਜਾਦੂ ਟੂਣਾ ਕਲਾ ਨੂੰ ਪਾਉਣ ਵਿੱਚ ਲਾਈ ਹੈ ਇਹੋ ਵਕਤ ਕਿਤੇ ਰੱਬ ਦੀ ਬੰਦਗੀ ਵਿੱਚ ਲਾਇਆ ਹੁੰਦਾ ਤਾਂ ਤੁਹਾਡਾ ਇਸ ਜਹਾਨ ਤੇ ਆਉਣਾ ਸਫਲ ਸੀ।

ਓਥੇ ਫਿਰ ਗੁਰੂ ਸਾਹਿਬ ਨੇ ਮਰਦਾਨੇ ਨੂੰ ਹੁਕਮ ਕੀਤਾ ਕਿ ਚੁੱਕ ਆਪਣੀ ਰਬਾਬ ਤੇ ਕੱਸ ਜਰਾ ਤਾਰ। ਗੁਰੂ ਸਾਹਿਬ ਨੇ ਸ਼ਬਦ ਗਾਇਆ:-

**ਮਃ ੧ ॥ ਗਲੀਂ ਅਸੀ ਚੰਗੀਆ ਆਚਾਰੀ ਬੁਰੀਆਹ ॥ ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥ ਰੀਸਾ ਕਰਿਹ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ ॥ ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ ॥ ਹੋਦੈ ਤਾਣਿ ਨਿਤਾਣੀਆ ਰਹਹਿ ਨਿਮਾਨਣੀਆਹ ॥ ਨਾਨਕ ਜਨਮੁ ਸਕਾਰਥਾ ਜੇ ਤਿਨ ਕੈ ਸੰਗਿ ਮਿਲਾਹ ॥੨॥**

ਗੁਰੂ ਸਾਹਿਬ ਨੇ ਨੂਰਸ਼ਾਹ ਨੂੰ ਸਤਿਨਾਮ ਵਾਹਿਗੁਰੂ ਦਾ ਉਪਦੇਸ਼ ਦੇ ਕੇ ਸਿੱਖੀ ਦਾ ਪ੍ਰਚਾਰਕ ਥਾਪਿਆ।◈ ਆਪਣੀ ਨਿਸ਼ਾਨੀ ਵਜੋਂ ਗੁਰੂ ਸਾਹਿਬ ਦੇ ਹੱਥ ਵਿੱਚ ਜੋ ਬਰਛਾ ਸੀ ਉਹੀ ਨੂਰ ਸ਼ਾਹ ਨੂੰ ਬਖਸ਼ ਦਿੱਤਾ। ਵਕਤ ਪਾ ਕੇ ਉਹ ਬਰਛਾ ਬਾਬਾ ਅਲਮਸਤ ਦਾ ਚੇਲਾ ਬਾਬਾ ਨੱਥੇ ਸ਼ਾਹ ਆਪਣੇ ਕੋਲ ਲੈ ਆਇਆ। 125 ਸਾਲ

ਪੈੜ ਸਫ਼ਾ

◈ ਨੂਰਸ਼ਾਹ ਤੋਂ ਭਾਵ ਨੂਰ ਸਾਹਾ ਹੈ। ਸਾਹਾ ਉਂਜ ਕਾਇਸਥ ਗੋਤਰ ਹੈ।ਪਰ ਬੰਗਾਲ ਤੇ ਬੰਗਲਾਦੇਸ਼ ਵਿਚ ਸਾਹਾ ਆਮ ਕਰਕੇ ਸ਼ੂਦਰ ਹੀ ਗਿਣੇ ਜਾਂਦੇ ਸਨ। ਗੈਰ ਕਨੂੰਨੀ ਸ਼ਰਾਬ ਕੱਢਣਾ ਇਨਾਂ ਲਈ ਅੱਜ ਮਸ਼ਹੂਰ ਹੈ।

ਪਹਿਲਾਂ ਗਿਆਨੀ ਜੀ ਦੇ ਲਿਖੇ ਅਨੁਸਾਰ ਉਹ ਬਰਛਾ ਢਾਕਾ ਦੀ ਸੰਗਤ ਕੋਲ ਸੀ। ਅੱਜ ਉਹ ਬਰਛਾ ਅਲੋਪ ਹੈ।⊙

ਨੂਰ ਸ਼ਾਹ ਜਾਦੂਗਰਨੀ ਇਸ ਪ੍ਰਕਾਰ ਸਿੱਖੀ ਦੀ ਪਹਿਲੀ ਜਨਾਨਾ ਪ੍ਰਚਾਰਕ ਬਣੀ ਸੀ।

----◈-----

## ਢਾਕੇ ਪਹੁੰਚ ਗਇਆ ਬਾਬਾ

(ਸਤੰਬਰ 1511)

ਪੁਰਾਤਨ ਕਾਮਰੂਪ ਦੇਸ (ਅਸਮ ਬੰਗਾਲ ਦਾ ਵੱਡਾ ਇਲਾਕਾ ਭਾਵ ਭਾਰਤ ਦਾ ਧੁਰ ਪੂਰਬ) ਇਥੇ ਦੋ ਇਨਸਾਨੀ ਨਸਲਾਂ ਦਾ ਮੇਲ ਹੁੰਦਾ ਹੈ। ਧਿਆਨ ਰਹੇ ਐਨਥਰੋਪੋਲੋਗੀ ( ਇਨਸਾਨੀ ਨਸਲਾਂ ਦੀ ਪੜਾਈ) ਨੇ ਪੂਰੀ ਮਨੁੱਖਤਾ ਨੂੰ ਤਿੰਨ ਨਸਲਾਂ ਵਿੱਚ ਵੰਡਿਆ ਹੋਇਆ ਹੈ 1. ਕੌਕੇਸ਼ੀਅਨ (ਯੂਰਪ ਤੇ ਏਸ਼ੀਆ ਦੇ ਗੋਰੇ ਅੰਗਰਜ ਲੋਕ) 2. ਨੀਗਰੋ (ਹਬਸ਼ੀ: ਕਾਲੇ ਤੇ ਘੁੰਗਰਾਲੇ ਵਾਲ) ਤੇ 3. ਮੰਗੋਲੀ (ਚਪਟਾ ਚਿਹਰਾ ਤੇ ਫੀਨਾ ਨੱਕ)। ਕਾਮਰੂਪ ਦੇ ਇਲਾਕੇ ਵਿੱਚ ਕੌਕੇਸ਼ੀਅਨ ਤੇ ਮੰਗੋਲੀ ਨਸਲ ਦਾ ਮੇਲ ਹੁੰਦਾ ਹੈ। ਪੰਜਾਬੀ ਲੋਕ ਇਸ ਕਾਮਰੂਪ ਦੇ ਸੁਹੱਪਣ ਤੋਂ ਪ੍ਰਭਾਵਤ ਹੁੰਦੇ ਹਨ।

ਢਾਕਾ ਸ਼ਹਿਰ ਜਿਹੜਾ ਅੱਜ ਬੰਗਲਾਦੇਸ਼ ਦੀ ਰਾਜਧਾਨੀ ਹੈ। ਜਿਥੋਂ ਦੀ ਮਲ ਮਲ ਬੜੀ ਮਸ਼ਹੂਰ ਹੁੰਦੀ ਸੀ। ਮਲ ਮਲ ਦੀ ਬਰੀਕੀ ਬਾਰੇ ਆਮ ਕਹਾਵਤ ਹੁੰਦੀ ਕਿ ਮੁੰਦਰੀ ਵਿੱਚੋ ਮਲ ਮਲ ਦੇ ਥਾਨ ਨਿਕਲ ਜਾਂਦੇ ਸਨ। ਉਂਜ ਜਿੰਨੀ ਦਿਨੀ ਗੁਰੂ ਸਾਹਿਬ ਇਥੇ ਆਏ ਉਦੋਂ ਢਾਕਾ ਮਾਮੂਲੀ ਕਸਬਾ ਹੋਵੇਗਾ।

ਢਾਕੇ ਤੋਂ 12 ਮੀਲ ਪਰੇ ਸੋਨਾਰਗਾਓ ਸ਼ਹਿਰ ਕਾਮਰੂਪ ਦੇਸ਼ ਦੀ ਰਾਜਧਾਨੀ ਸੀ। ਗੁਰੂ ਸਾਹਿਬ ਦੇ ਵੇਲੇ ਢਾਕਾ ਅਜੇ ਉਠ ਰਿਹਾ ਸੀ। ਇਸ ਕਾਮਰੂਪ ਦੇਸ ਦਾ ਪਹਿਲਾਂ ਨਾਂ ਪ੍ਰਾਗ-ਜੋਤਿਸ਼ ਪੁਰ ਸੀ ਤੇ ਏਸੇ ਨਾਂ ਦਾ ਸ਼ਹਿਰ ਗੁਹਾਟੀ ਦੇ ਨੇੜੇ ਤੇੜੇ ਹੁੰਦਾ ਸੀ। ਬ੍ਰਹਮਪੁਤਰ ਦਰਿਆ ਇਸ ਦੇਸ ਦੀ ਪੂਰਬੀ ਸਰਹੱਦ ਹੁੰਦਾ ਸੀ। ਅੱਜ ਦੇ ਪੂਰਬ ਦੀਆਂ ਬਹੁਤੀਆਂ ਰਿਆਸਤਾਂ ਜਿਵੇ ਬੰਗਲਾਦੇਸ਼, ਅਸਾਮ, ਤਿਰੀਪੁਰਾ ਆਦਿ ਕਾਮਰੂਪ ਦਾ ਹਿੱਸਾ ਸਨ। ਯਾਦ ਰਹੇ ਸ਼ੇਰ ਸ਼ਾਹ ਸੂਰੀ ਨੇ ਜਿਹੜੀ ਜਰਨੈਲੀ ਸੜਕ (ਜੀ ਟੀ ਰੋਡ) ਬਣਾਈ ਸੀ ਉਹਦੀ ਸ਼ੁਰੂਆਤ ਇਸੇ ਸੋਨਾਰਗਾਓ ਤੋ ਹੀ ਹੁੰਦੀ ਸੀ ਜੋ ਕਾਬੁਲ ਤੱਕ ਜਾਂਦੀ ਸੀ।

ਇਥੇ ਭਾਵ ਢਾਕੇ ਪੁਰਾਣਾ ਮਾਤਾ ਢਾਕੇਸ਼ਵਰੀ ਦਾ ਮੰਦਰ ਅੱਜ ਵੀ ਹੈ। ਗੁਰੂ ਸਾਹਿਬ ਵੇਲੇ ਏਥੇ ਵੀ ਓਹੋ ਵਾਮ-ਮਾਰਗੀ ਵਿੱਚਾਰਧਾਰਾ ਦਾ ਬੋਲ ਬਾਲਾ ਸੀ।

ਇਤਹਾਸ ਵਿੱਚ ਜੋ ਸਾਧੂ ਸੰਤਾਂ ਫਕੀਰਾਂ ਨਾਲ ਵਿੱਚਾਰ ਚਰਚਾ ਹੋਣ ਦਾ ਜਿਕਰ ਹੈ ਉਹਨਾਂ ਵਿੱਚ ਸਮਾਲ ਦਾਸ, ਸੰਤ ਰੇਵਾ ਦਾਸ, ਚੰਦਰ ਨਾਥ, ਨਰੈਣ ਦਾਸ, ਸ਼ੇਖ ਅਹਿਮਦ, ਲੂਣੀਆ ਸਿੱਧ ਆਦਿ ਦਾ ਖਾਸ ਜਿਕਰ ਹੈ।



ਢਾਕੇਸ਼ਵਰੀ ਮੰਦਰ, ਢਾਕਾ

ਢਾਕੇਸ਼ਵਰੀ ਮੰਦਰ ਨੇੜੇ ਜਦੋਂ ਗੁਰੂ ਸਾਹਿਬ ਦੀ ਚਰਚਾ ਪੰਡਿਆਂ ਨਾਲ ਹੋਈ ਤਾਂ ਅੰਤ ਵਿੱਚ ਸੁਰ ਵਿੱਚ ਆ ਕੇ ਗੁਰੂ ਸਾਹਿਬ ਨੇ ਇਹ ਵਾਲਾ ਸ਼ਬਦ ਉਚਾਰਿਆ ਜਿਸ ਤੇ ਮਰਦਾਨੇ ਦੀ ਰਬਾਬ ਨੇ ਜਨਤਾ ਨੂੰ ਕੀਲ ਦਿੱਤਾ:

**ਗਉੜੀ ਗੁਆਰੇਰੀ ਮਹਲਾ ੧ ॥ ਮਨੁ ਕੁੰਚਰੁ ਕਾਇਆ ਉਦਿਆਨੈ ॥ ਗੁਰੁ ਅੰਕਸੁ ਸਚੁ ਸਬਦੁ ਨੀਸਾਨੈ ॥ ਰਾਜ ਦੁਆਰੈ ਸੋਭ ਸੁ ਮਾਨੈ ॥੧॥ ਚਤੁਰਾਈ ਨਹ ਚੀਨਿਆ ਜਾਇ ॥ ਬਿਨੁ ਮਾਰੇ ਕਿਉ ਕੀਮਤਿ ਪਾਇ ॥੧॥ ਰਹਾਉ ॥ ਘਰ ਮਹਿ ਅੰਮ੍ਰਿਤੁ ਤਸਕਰੁ ਲੇਈ ॥ ਨੰਨਾਕਾਰੁ ਨ ਕੋਇ ਕਰੇਈ ॥ ਰਾਖੈ ਆਪਿ ਵਡਿਆਈ ਦੇਈ ॥੨॥**

ਪੈੜ ਸਫਾ

ਬਾਲਾ ਜਨਮ ਸਾਖੀ ਨੇ ਗਲਤ ਲਿਖਿਆ ਹੈ ਕਿ ਭੇਡੂ ਵਾਲੀ ਸਾਖੀ ਕਾਰੂ ਦੇਸ ਦੀ ਹੈ। (ਲੱਗਦਾ ਕਿ ਲਿਖਾਰੀ ਕੋਲੋਂ ਗਲਤੀ ਹੋਈ ਹੋਵੇ। ਬੋਲਣ ਵਾਲੇ ਨੇ ਕਾਮਰੂਪ ਬੋਲਿਆ ਹੋਵੇ ਤੇ ਲਿਖਣ ਵਾਲੇ ਨੇ ਕਾਰੂ ਹੀ ਲਿਖ ਦਿੱਤਾ। ਕਾਰੂ (ਕਾਲਾ) ਦੇਸ ਕਰਨਾਟਕ ਦੇ ਇਲਾਕੇ ਨੂੰ ਕਿਹਾ ਜਾਂਦਾ ਸੀ। ਫਿਰ ਬੀ-40 'ਚ ਸਾਫ ਦਰਜ ਹੈ ਕਿ ਇਹ ਸਾਖੀ ਤਿਰੀਆ ਰਾਜ ਦੀ ਹੈ ਜਿੱਥੇ ਜਨਾਨੀ ਦਾ ਰਾਜ ਹੁੰਦਾ ਹੈ। ਤਿਰੀ ਤੋਂ ਭਾਵ ਇਸਤਰੀ। ਢਾਕੇ ਦੇ ਨਾਲ ਹੀ ਪੂਰਬ ਵਿੱਚ ਅਗਲਾ ਇਲਾਕਾ ਹੈ ਤਿਰੀਪੁਰਾ। ਨਾਲੇ ਸਥਾਨਕ ਪੱਧਰ ਤੇ ਇਸ ਦਾ ਇਤਹਾਸ ਹੋਣ ਕਰਕੇ ਸ਼ੱਕ ਦੀ ਕੋਈ ਗੁੰਜਾਇਸ਼ ਹੀ ਨਹੀ।

ਗਿਆਨੀ ਗਿਆਨ ਸਿੰਘ ਨੇ ਪਛਾਣਿਆ ਸੀ ਕਿ ਸਾਖੀ ਧੰਨਪੁਰ ਵਾਪਰੀ ਸੀ। ਪਰ ਲਿਖਣ ਲੱਗੇ ਗਲਤੀ ਕਰ ਦਿਤੀ ਅਖੇ ਧੰਨਪੁਰ ਢਾਕੇ ਤੋਂ ਸਿਰਫ 4 ਕੋਹ ਹੈ। ਧੰਨਪੁਰ ਤਾਂ ਢਾਕੇ ਤੋਂ ਕੋਈ 125 ਕਿ.ਮੀ. ਹੈ। ਧੰਨਪੁਰ ਪੈਂਦਾ ਵੀ ਸਿਲਹੱਟ ਦੇ ਰਾਹ ਵਿਚ ਹੀ। ਕਈ ਲਿਖਾਰੀ ਫਜ਼ੂਲ ਦਾ ਵਿਰੋਧ ਕਰਦੇ ਹਨ ਕਿ ਧੰਨਪੁਰ ਕਾਮਰੂਪ ਵਿੱਚ ਨਹੀ ਹੈ ਇਸ ਕਰਕੇ ਸਾਖੀ ਦਾ ਸਬੰਧ ਧੰਨਪੁਰ ਨਾਲ ਨਹੀ ਹੋ ਸਕਦਾ।

ਧਿਆਨ ਰਹੇ ਅੱਜ ਉਂਜ ਤਿਰੀਆ ਰਾਜ ਤਾਂ ਸਿਰਫ ਅਸਾਮ ਤੇ ਮੈਘਾਲਿਆ ਵਿੱਚ ਹੀ ਰਹਿ ਗਇਆ ਹੈ। ਇਹਦਾ ਮਤਲਬ ਇਹ ਨਹੀ ਕਿ ਇਸ ਪੂਰਬੀ ਇਲਾਕੇ ਦੇ ਹੋਰਨਾਂ ਸੂਬਿਆਂ ਵਿੱਚ ਤਿਰੀਆ ਰਾਜ ਨਹੀ ਸੀ। ਢਾਕੇ ਬੰਗਾਲੇ ਵਿੱਚ ਵੀ ਤਿਰੀਆ ਰਾਜ ਹੀ ਚਲਦਾ ਸੀ। ਵਕਤ ਨਾਲ ਹਾਲਾਤ ਬਦਲ ਗਏ। ਇਲਾਕੇ ਵਿੱਚ ਇਸਲਾਮ ਦੇ ਭਾਰੂ ਹੋਣ ਨਾਲ ਸਮਾਜ ਤੇ ਵੱਡਾ ਅਸਰ ਪਿਆ ਹੋਵੇਗਾ। ਫਿਰ ਢਾਕੇ ਤੋਂ ਅਗਰਤਲਾ (ਤਿਰੀਪੁਰਾ ਦੀ ਰਾਜਧਾਨੀ) ਸਿਰਫ 80 ਕਿਲੋਮੀਟਰ ਪੂਰਬ ਵਿੱਚ ਹੈ।

ਇਥੇ ਦਸਣਾ ਬਣਦਾ ਹੈ ਕਿ ਢਾਕਾ ਪੁਰਾਣੇ ਕਾਮਰੂਪ ਵਿੱਚ ਹੀ ਪੈਂਦਾ ਸੀ ਜਿਹਦੀ ਰਾਜਧਾਨੀ ਸੋਨਾਰਗਾਓ ਸੀ। ਫਿਰ ਕਦੀ ਕਾਮਰੂਪ ਦੀ ਹੱਦ ਪਦਮਾ ਦਰਿਆ ਵੀ ਬਣੀ। ਧੰਨਪੁਰ ਤਾਂ ਪਦਮਾ ਤੋਂ ਪਾਰ ਹੈ।

ਉਹ ਪੈਂਦਾ ਵੀ ਪੁਰਾਣੇ ਕਾਮਰੂਪ ਇਲਾਕੇ ਵਿੱਚ। ਸੋ ਆਪਾਂ ਕਹਿ ਸਕਦੇ ਹਾਂ ਕਿ ਇਹ ਧੰਨਪੁਰ ਹੀ ਹੈ ਜਿੱਥੇ ਇਹ ਸਾਖੀ ਵਾਪਰੀ। ਵਕਤ ਪਾ ਕੇ ਸਾਖੀ ਦਾ ਸਥਾਨ ਪ੍ਰਚਾਰਕਾਂ ਨੇ ਢਾਕੇ ਪਹੁੰਚਾ ਦਿੱਤਾ। ਤੇ ਜਿਹੜਾ ਬਰਛਾ ਜਾਫਰਾਬਾਦ ਬਖਸ਼ਿਆ ਸੀ ਉਹ ਤਿਰੀਆਂ ਨਾਲ ਜੋੜ ਦਿੱਤਾ। ਸਾਡੇ ਅੰਦਾਜ਼ੇ ਮੁਤਾਬਿਕ ਭੇਡੂ ਵਾਲੀ ਸਾਖੀ ਖੂਹ ਤੇ ਘੁਮਿਆਰਾਂ ਵਾਲੀਆਂ ਸਾਖੀਆਂ ਨਾਲੋ ਵੱਖਰੀ ਹੈ ਤੇ ਵੱਖ ਵੱਖ ਸਥਾਨਾਂ ਤੇ ਵਾਪਰੀ। ਭੇਡੂ ਵਾਲੀ ਜਿਆਦਾ ਪ੍ਰਚਲਤ ਹੋਣ ਕਰਕੇ ਖੂਹ ਵਾਲੀ ਨਾਲ ਜੋੜ ਦਿੱਤੀ ਗਈ।

ਸੋ ਬਾਲਾ ਤੇ ਪੁਰਾਤਨ ਜਨਮਸਾਖੀ ਦੇ ਸੰਦਰਭ ਵਿੱਚ ਆਪਾਂ ਪੂਰੇ ਉਤਰ-ਪੂਰਬ ਭਾਰਤ ਨੂੰ ਕਾਮਰੂਪ ਹੀ ਗਿਣ ਕੇ ਚਲੀਏ।




ਗੁਰ. ਨਾਨਕਸ਼ਾਹੀ ਢਾਕਾ। ਬਾਬਾ ਅਲਮਸਤ ਦੇ ਚੇਲੇ ਬਾਬਾ ਨੱਥਾ ਨੇ ਮੋਢੀ ਗੁਰੂ ਦੀ ਯਾਦਗਾਰ ਢਾਕਾ ਸਥਾਪਤ ਕੀਤੀ ਜੋ ਅੱਜ ਤਕ ਮੌਜੂਦ ਹੈ। ਛੇਵੇ ਪਾਤਸ਼ਾਹ ਦਾ ਜੋੜਾ ਵੀ ਇਥੇ ਸੁਰੱਖਿਅਤ ਹੈ। ਪਹਿਲੀ ਪਾਤਸ਼ਾਹੀ ਦਾ ਬਰਛਾ ਅਲੋਪ ਹੋ ਚੁੱਕਾ ਹੈ।

ਨੀਲ ਅਨੀਲ ਅਗਨਿ ਇਕ ਠਾਈ ॥ ਜਲਿ ਨਿਵਰੀ ਗੁਰਿ ਬੂਝ ਬੁਝਾਈ ॥ ਮਨੁ ਦੇ ਲੀਆ ਰਹਸਿ ਗੁਣ ਗਾਈ ॥੩॥ ਜੈਸਾ ਘਰਿ ਬਾਹਰਿ ਸੋ ਤੈਸਾ ॥ ਬੈਸਿ ਗੁਫਾ ਮਹਿ ਆਖਉ ਕੈਸਾ ॥ ਸਾਗਰਿ ਡੂਗਰਿ ਨਿਰਭਉ ਐਸਾ ॥੪॥ ਮੂਏ ਕਉ ਕਹੁ ਮਾਰੇ ਕਉਨੁ ॥ ਨਿਡਰੇ ਕਉ ਕੈਸਾ ਡਰੁ ਕਵਨੁ ॥ ਸਬਦਿ ਪਛਾਨੈ ਤੀਨੇ ਭਉਨ ॥੫॥ ਜਿਨਿ ਕਹਿਆ ਤਿਨਿ ਕਹਨੁ ਵਖਾਨਿਆ ॥ ਜਿਨਿ ਬੂਝਿਆ ਤਿਨਿ ਸਹਜਿ ਪਛਾਨਿਆ ॥ ਦੇਖਿ ਬੀਚਾਰਿ ਮੇਰਾ ਮਨੁ ਮਾਨਿਆ ॥੬॥ ਕੀਰਤਿ ਸੂਰਤਿ ਮੁਕਤਿ ਇਕ ਨਾਈ ॥ ਤਹੀ ਨਿਰੰਜਨੁ ਰਹਿਆ ਸਮਾਈ ॥ ਨਿਜ ਘਰਿ ਬਿਆਪਿ ਰਹਿਆ ਨਿਜ ਠਾਈ ॥੭॥ ਉਸਤਤਿ ਕਰਹਿ ਕੇਤੇ ਮੁਨਿ ਪ੍ਰੀਤਿ ॥ ਤਨਿ ਮਨਿ ਸੂਚੈ ਸਾਚੁ ਸੁ ਚੀਤਿ ॥ ਨਾਨਕ ਹਰਿ ਭਜੁ ਨੀਤਾ ਨੀਤਿ ॥੮॥੨॥

ਪੰਡਤਾਂ ਨੂੰ ਕਿਹਾ ਤੁਸੀ ਤਾਂ ਇੱਕ ਚੰਚਲ ਮੰਨ ਰੂਪੀ ਹਾਥੀ ਨੂੰ ਖੁੱਲਾ ਛੱਡ ਦਿੱਤਾ ਹੋਇਆ ਹੈ। ਇਹਦੇ ਤੇ ਅੰਕਸ ਜਰੂਰੀ ਹੈ। ਤੇ ਅਗਲੀ ਗੱਲ ਗੁਰੂ ਸਾਹਿਬ ਨੇ ਨਾਮ ਭਾਵ ਉਸਤਤੀ ਵਾਲੇ ਸ਼ਬਦ ਦੀ ਕਹੀ। ਨਿਰੇ ਪੰਡਤ ਹੀ ਨਹੀ ਸਾਰੀ ਲੋਕਾਈ ਆ ਗੁਰੂ ਸਾਹਿਬ ਦੇ ਚਰਨੀ ਲੱਗੀ।

----◈-----

## ਜਾਫਰਾਬਾਦ, ਢਾਕੇ ਵਿਚ ਵੀ ਪਾਣੀ ਦਾ ਚਸ਼ਮਾ ਜਾਰੀ ਕੀਤਾ

ਢਾਕੇ ਵਿੱਚ ਗੁਰੂ ਸਾਹਿਬ ਜਦੋਂ ਪਹਾੜ ਪਾਸਿਓ ਦਾਖਲ ਹੋਏ ਜਿੱਥੇ ਅਜ ਵਿਸਾਖੀ ਮਾਰਗ ਦੇ ਲਾਗੇ ਰੇਅਰ ਬਜ਼ਾਰ ਹੈ ਤਾਂ ਇਥੇ ਸ਼ੁਰੂ ਵਿੱਚ ਗੁਰੂ ਦੀ ਸ਼ਰਨ ਵਿਚ ਗਰੀਬ ਘੁਮਿਆਰ। ◈

● ਪਾਣੀ ਦੀ ਤਾਂ ਢਾਕੇ ਵਿਚ ਬਹੁਤਾਤ ਹੈ ਪਰ ਪੀਣ ਵਾਲਾ ਪਾਣੀ ਲੈਣ ਇਨਾਂ ਨੂੰ ਦੂਰ ਜਾਣਾ ਪੈਦਾ ਸੀ। ਸਾਹਿਬ ਨੇ ਓਥੇ ਚਸ਼ਮਾ ਹੀ ਜਾਰੀ ਕਰ ਦਿੱਤਾ। ਕਿਹਾ ਜਾਂਦਾ ਹੈ ਕਿ ਪੀਣ ਵਾਲੇ ਪਾਣੀ ਦੀ ਘਾਟ ਬਾਰੇ ਜਦੋਂ ਲੋਕਾਂ ਬਾਰ ਬਾਰ ਸ਼ਕਾਇਤ ਕੀਤੀ ਤਾਂ ਗੁਰੂ ਸਾਹਿਬ ਦੇ ਹੱਥ ਵਿੱਚ ਜਿਹੜਾ ਬਰਛਾ ਸੀ ਉਹ ਉਹਨਾਂ ਜਮੀਨ 'ਚ ਮਾਰਿਆ ਤਾਂ ਪਾਣੀ ਦਾ ਚਸ਼ਮਾ ਪ੍ਰਗਟ ਹੋਇਆ। ਵਕਤ ਪਾ ਕੇ ਲੋਕਾਂ ਉਥੇ ਖੂਹ ਪੁਟ ਲਿਆ। ਉਹ ਬਰਛਾ ਸੰਗਤਾਂ ਨੇ ਬੇਨਤੀ ਕਰਕੇ ਯਾਦਗਾਰ ਦੇ ਤੌਰ ਤੇ ਆਪਣੇ ਕੋਲ ਰੱਖ ਲਿਆ ਸੀ।

ਦੋ ਤਿੰਨ ਸਦੀਆਂ ਤਾਂ ਗੁਰੂ ਸਾਹਿਬ ਦਾ ਨਾਂ ਚਲਿਆ ਇਸ ਕਬੀਲੇ ਵਿੱਚ, ਮਗਰੋਂ ਹੌਲੀ ਹੌਲੀ, ਪ੍ਰਚਾਰ ਦੀ ਘਾਟ ਕਾਰਨ ਇਹ ਅਲੋਪ ਹੋ ਗਿਆ। ਪਿੱਛਲੀ ਸਦੀ ਤੱਕ ਇੱਕ ਦੀਵਾਰ ਗੁਰੂ ਸਾਹਿਬ ਦੀ ਯਾਦ ਤਾਜਾ ਕਰਿਆ ਕਰਦੀ ਸੀ। ਘੱਟ ਹੀ ਉਮੀਦ ਹੈ ਹੁਣ ਤੱਕ ਉਹ ਯਾਦਗਾਰ ਬਚੀ ਹੋਵੇ। ਢਾਕੇ ਵਿੱਚ ਮਨੁੱਖੀ ਅਬਾਦੀ ਦਾ ਇੱਕ ਕਿਸਮ ਦਾ ਹੜ੍ਹ ਆਇਆ ਹੋਇਆ ਹੈ। ਸ਼ਹਿਰ ਦੁਨੀਆਂ ਦੇ ਸੰਘਣੇ ਵੱਡੇ ਸ਼ਹਿਰਾਂ ਵਿੱਚੋਂ ਅੱਜ ਇੱਕ ਹੈ।

ਰੇਅਰ ਬਜਾਰ ਢਾਕਾ ਦੇ ਗਰੀਬ ਘੁਮਿਆਰਾਂ ਦੇ ਪ੍ਰੇਮ ਸਾਹਵੇ ਗੁਰੂ ਸਾਹਿਬ ਨੇ ਇਹ ਵਾਲਾ ਸ਼ਬਦ ਗਾਇਆ:-

ਸੂਹੀ ਮਹਲਾ ੧ ॥ ਜਿਨ ਕਉ ਭਾਂਡੈ ਭਾਉ ਤਿਨਾ ਸਵਾਰਸੀ ॥ ਸੂਖੀ ਕਰੈ ਪਸਾਉ ਦੂਖ ਵਿਸਾਰਸੀ ॥ ਸਹਸਾ ਮੂਲੇ ਨਾਹਿ ਸਰਪਰ ਤਾਰਸੀ ॥੧॥ ਤਿਨ੍ਾ ਮਿਲਿਆ ਗੁਰੁ ਆਇ ਜਿਨ ਕਉ ਲੀਖਿਆ ॥ ਅੰਮ੍ਰਿਤੁ ਹਰਿ ਕਾ ਨਾਉ ਦੇਵੈ ਦੀਖਿਆ ॥ ਚਾਲਹਿ ਸਤਿਗੁਰ ਭਾਇ ਭਵਹਿ ਨ ਭੀਖਿਆ ॥੨॥ ਜਾ ਕਉ ਮਹਲੁ ਹਜੂਰਿ ਦੂਜੇ ਨਿਵੈ ਕਿਸੁ ॥ ਦਰਿ ਦਰਵਾਣੀ ਨਾਹਿ ਮੂਲੇ ਪੁਛ ਤਿਸੁ ॥ ਛੁਟੈ ਤਾ ਕੈ ਬੋਲਿ ਸਾਹਿਬ ਨਦਰਿ ਜਿਸੁ ॥੩॥ ਘਲੇ ਆਣੇ ਆਪਿ ਜਿਸੁ ਨਾਹੀ ਦੂਜਾ ਮਤੈ ਕੋਇ ॥ ਢਾਹਿ ਉਸਾਰੇ ਸਾਜਿ ਜਾਣੈ ਸਭ ਸੋਇ ॥ ਨਾਉ ਨਾਨਕ ਬਖਸੀਸ ਨਦਰੀ ਕਰਮੁ ਹੋਇ ॥

ਹੋਰ ਥਾਂਈ ਵੀ ਗੁਰੂ ਸਾਹਿਬ ਨੇ ਬਹੁਤ ਕੌਤਕ ਕੀਤੇ। ਜੋ ਦੂਰ ਦੁਰਾਡੇ ਹੋਣ ਕਰਕੇ ਸਿੱਖ ਇਤਹਾਸ ਤੇ ਪ੍ਰੰਪਰਾ ਸਾਂਭ ਤਾਂ ਨਹੀ ਸਕੀ ਪਰ ਵਿਚਾਰ ਥੋੜੀ ਕੀਤਿਆ ਮਰਦਾ ਨਹੀ। ਉਹਦੀ ਸ਼ਕਲ ਸੂਰਤ ਜਰੂਰ ਬਦਲ ਜਾਂਦੀ ਹੈ। ਕਿਉਕਿ ਕਾਮਰੂਪ ਵਿਚ ਗੁਰੂ ਸਾਹਿਬ ਦਾ ਪ੍ਰਚਾਰ ਕੁਝ ਹੇਠ ਲਿਖੇ ਮੁੱਦਿਆਂ ਤੇ ਕੇਂਦਰਤ ਸੀ:-

1. ਗੁਰੂ ਸਾਹਿਬ ਨੇ ਕਾਮ ਵਾਸ਼ਨਾ ਦਾ ਪਾਜ ਖੋਲ ਦਿੱਤਾ, 2. ਇੱਕ ਨਿਰੰਕਾਰ ਦੀ ਹੋਂਦ ਦਾ ਢੰਡੋਰਾ ਪਿਟਿਆ, 3. ਸਰੀਰ ਨੂੰ ਕੋਹਣਾ ਤੇ ਜਾਨਵਰ ਤੇ ਮਨੁੱਖੀ ਬਲੀ ਦੇਣ ਦੀ ਸਖਤ ਖੰਡਨਾ ਕੀਤੀ, 4. ਜੰਤਰ ਮੰਤਰ ਵਿੱਚ ਵਕਤ ਖਰਾਬ ਕਰਨਾਂ ਸਾਬਤ ਕੀਤਾ ਤੇ ਦੱਸਿਆ ਕਿ ਇਹ ਰੂਹਾਨੀਅਤ ਦੇ ਰਾਹ ਦੇ ਉਲਟ ਹੈ, 5. ਤੀਰਥ ਯਾਤਰਾ/ਹੱਜ ਦੇ ਸਿਧਾਂਤ ਦਾ ਖੰਡਨ ਕੀਤਾ, 6. ਜਾਤ ਪਾਤ ਤੇ ਕਰਾਰੀ ਚੋਟ ਕੀਤੀ, 7. ਛੂਆ ਛੂਤ, ਸੁੱਚ ਭਿੱਟ, ਹੋਮ, ਚੌਕਾ-ਕਾਰ, ਗੌ ਮੂਤਰ, ਜਨੇਊ ਆਦਿ ਮਾਨਤਾਵਾਂ ਦਾ ਪਾਜ ਉਧੇੜਿਆ।

ਇਹ ਇਨਕਲਾਬੀ ਸੋਚ ਭਲਾ ਕਦੋਂ ਮਰਨ ਵਾਲੀ ਸੀ। ਇਥੇ ਲੋਕਾਈ ਵਿਚ ਸਿੱਖ ਧਰਮ ਤਾਂ ਮੌਜੂਦ ਨਹੀ ਉਂਜ ਬੰਗਾਲ ਵਿੱਚ ਵੱਖ ਵੱਖ ਰੂਪਾਂ ਵਿੱਚ ਗੁਰੂ ਦਾ ਸਿਧਾਂਤ ਅੱਜ ਵੀ ਜੀਂਦਾ ਹੈ। ਧਿਆਨ ਰਹੇ ਜਦੋਂ ਕੋਈ ਚੀਜ਼ ਆਪ ਮੁਹਾਰੇ ਉਗਦੀ ਹੈ ਤਾਂ ਉਹਦੇ ਵਿੱਚ ਪਹਿਲਾਂ ਵਾਲਾ ਅਨੁਸ਼ਾਸਨ ਜਾਂ ਮਰਿਯਾਦਾ ਨਹੀ ਰਹਿੰਦੀ।

ਬੰਗਾਲ ਵਿੱਚ ਤਾਂ ਵਕਤ ਨਾਲ ਇਸਲਾਮ ਛਾ ਹੀ ਗਇਆ। ਇਸ ਪਿੱਛੇ ਗੁਰੂ ਸਾਹਿਬ ਦੀ ਫੇਰੀ ਵੀ ਇੱਕ ਕਾਰਨ ਬਣਦੀ ਹੈ। ਓਥੇ ਹੀ ਬਾਓਲ ਨਾਂ ਦਾ ਫਕੀਰਾਂ ਦਾ ਇੱਕ ਫਿਰਕਾ ਉਠਿਆ ਜਿਸ ਨੇ ਬੰਗਾਲ ਨੂੰ ਜਾਗ੍ਰਤ ਕੀਤਾ। ਬਾਓਲਾਂ (ਬਾਵਲੇ ਤੋਂ ਬਾਉਲ -ਝੱਲੇ) ਦੇ ਬਹੁਤੇ ਅਸੂਲ ਵੀ ਸਿੱਖੀ ਨਾਲ ਮਿਲਦੇ ਸਨ। ਓਨਾਂ ਨੂੰ ਮਰਦਾਨੇ ਦਾ ਕਿਰਦਾਰ ਜਿਆਦਾ ਚੰਗਾ ਲੱਗਾ। ਹਰ ਬਾਉਲ ਕੋਲ ਰਬਾਬ ਵਰਗਾ ਇੱਕ ਸੰਦ ਹੁੰਦਾ ਸੀ। ਏਸੇ ਤਰਾਂ ਦੇ ਹੋਰ ਵੀ ਕਈ ਸਿਲਸਿਲੇ ਉਠੇ ਤੇ ਬੰਗਾਲ ਤੋਂ ਕਾਮ ਵਾਲੀ ਬੁਰਾਈ ਹਾਸ਼ੀਏ ਤੇ ਆ ਗਈ। ਪੰਡਤਾਂ ਨੇ ਵੀ ਆਪਣੇ ਆਪ ਨੂੰ ਬਦਲ ਲਿਆ। ਭਾਵ ਗੁਰੂ ਸਾਹਿਬ ਨੇ ਜਿਹੜਾ ਬੀ ਬੀਜਿਆ ਉਹ ਵੱਖ

ਵੱਖ ਰੂਪਾਂ ਵਿੱਚ ਬੰਗਾਲ ਵਿੱਚ ਉਗਿਆ।

ਗਿਆਨੀ ਗਿਆਨ ਸਿੰਘ ਕਰਤਾ ਤਵਾਰੀਖ ਗੁਰੂ ਖਾਲਸਾ ਖੁੱਦ ਸੰਨ 1875 ਈ. ਵਿੱਚ ਢਾਕੇ ਗਿਆ। ਉਸ ਨੇ ਲਿਖਿਆ ਹੈ ਕਿ ਸ਼ਰਧਾਲੂਆਂ ਨੇ ਅਜੇ ਤੱਕ ਉਹ ਮੰਜਾ ਸਾਂਭਿਆ ਹੋਇਆ ਹੈ ਜਿਸ ਤੇ ਗੁਰੂ ਸਾਹਿਬ ਨੇ ਅਰਾਮ ਕੀਤਾ ਸੀ। ਗੁਰੂ ਹਰਗੋਬਿੰਦ ਸਾਹਿਬ ਦੇ ਸਮਕਾਲੀ ਬਾਬਾ ਅਲਮਸਤ ਦੇ ਚੇਲੇ ਨੱਥੇ ਸ਼ਾਹ ਨੇ ਇਸ ਇਲਾਕੇ ਵਿੱਚ ਸਿੱਖੀ ਦਾ ਪ੍ਰਚਾਰ ਕੀਤਾ। ਅੱਜ ਵੀ ਢਾਕੇ ਵਿੱਚ ਗੁਰਦੁਆਰਾ ਸਾਹਿਬ ਮੌਜੂਦ ਹੈ।

ਯਾਦ ਰਹੇ ਅੱਜ ਢਾਕਾ ਮੁਸਲਮਾਨੀ ਦੇਸ ਦੀ ਰਾਜਧਾਨੀ ਹੈ ਜਿੱਥੇ ਕੋਈ 90% ਲੋਕ ਮੁਸਲਮਾਨ ਹਨ। ਦਰ ਅਸਲ ਬੰਗਾਲ ਵਿੱਚ ਇਸਲਾਮ ਬਹੁਤ ਪਹਿਲਾਂ ਹੀ ਦਾਖਲਾ ਪਾ ਚੁੱਕਾ ਸੀ; 8-9ਵੀ ਸਦੀ ਈਸਵੀ ਵਿੱਚ। ਸਮੁੰਦਰ ਕੰਢੇ ਹੋਣ ਕਰਕੇ ਅਰਬੀ ਵਪਾਰੀਆਂ ਨੇ ਇਸਲਾਮ ਧਰਮ ਬਾਬਤ ਲੋਕਾਂ ਨੂੰ ਵਾਕਫੀਅਤ ਕਰਵਾਈ ਤੇ ਬਾਦ ਵਿੱਚ ਸੂਫੀ ਲੋਕ ਓਥੇ ਪਹੁੰਚ ਗਏ। ਕਾਮ ਦੀ ਪੂਜਾ ਵਾਲੀ ਗੱਲ ਰੂਹਾਨੀਅਤ ਦੇ ਸਾਹਮਣੇ ਟਿਕ ਨਾਂ ਪਾਈ।

ਫਿਰ ਢਾਕੇ ਦੇ ਹੀ ਜਾਫਰਾਬਾਦ ਵਿੱਚ (1960 ਤਕ) ਗੁਰੂ ਸਾਹਿਬ ਦੀ ਨਿਸ਼ਾਨੀ ਖੂਹ ਹੁੰਦਾ ਸੀ, ਡਰ ਹੈ ਉਹ ਵੀ ਹੁਣ ਅਲੋਪ ਹੋ ਚੁੱਕਾ ਹੋਵੇਗਾ।

----◆-----

## ਚਿਟਾਗਾਂਗ ਦੇ ਝੰਡੇ ਤਰਖਾਣ ਨੂੰ ਮੰਜੀ ਬਖਸ਼ੀ, ਜਥੇਦਾਰ ਥਾਪਿਆ

ਸਿਲਹਟ ਤੋਂ ਚਲ ਕੇ ਗੁਰੂ ਸਾਹਿਬ 350 ਕਿਲੋਮੀਟਰ ਦਾ ਸਫਰ ਕਰਕੇ ਰਸਤੇ ਵਿੱਚ ਹੋਰ ਨਗਰ ਜਿਵੇ ਬਿਜੇਪੁਰ, ਅਗਰਤਲਾ, ਕੋਮਿਲਾ ਥਾਂਈ ਲੋਕਾਈ ਨੂੰ ਤਾਰਦੇ ਹੋਏ 15 ਦਿਨਾਂ ਬਾਦ ਚਿਟਾਗਾਂਗ ਪਹੁੰਚੇ ਸਨ।

ਲਗਦਾ ਹੈ ਕਿ ਗੁਰੂ ਸਾਹਿਬ ਦੀਆਂ ਯੂ ਪੀ ਬਿਹਾਰ ਦੀਆਂ ਉਦਾਸੀਆਂ ਮੌਕੇ ਉਨਾਂ ਨੂੰ ਚਿੱਟਾਗਾਂਗ ਰਹਿ ਰਹੇ ਝੰਡੇ ਤਰਖਾਣ (ਬੜਈ ਜਾਂ ਬਾਢੀ) ਬਾਰੇ ਪਤਾ ਲੱਗਾ ਸੀ ਕਿ ਝੰਡਾ ਬਹੁਤ ਧਰਮੀ ਬੰਦਾ ਹੈ। ਝੰਡਾ ਬਾਢੀ ਨਾਂ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਉਹ ਮੂਲ ਵਿੱਚ ਹਰਿਆਣਾ ਜਾਂ ਯੂ ਪੀ ਵਗੈਰਾ ਕਿਸੇ ਇਲਾਕੇ ਦਾ ਹੋਵੇਗਾ। ਕਿਉਕਿ ਬੰਗਾਲ ਵਿੱਚ ਤਰਖਾਣ ਨੂੰ ਬਢੱਈ ਨਹੀ ਕਿਹਾ ਜਾਂਦਾ। ਉਨੂੰ ਸੁਤਰਧਰਾ ਜਾਂ ਸੁਤਾਰ ਕਿਹਾ ਜਾਂਦਾ ਹੈ। ਇਹ ਸਾਫ ਹੈ ਕਿ ਝੰਡਾ ਪਿੱਛੋ ਪੰਜਾਬ 'ਚੋਂ ਚਿਟਾਗਾਂਗ ਨਹੀ ਸੀ ਗਿਆ। ਜੇ ਪੰਜਾਬੀ ਹੁੰਦਾ ਤਾਂ ਨਾਂ ਝੰਡਾ ਤਰਖਾਣ ਹੋਣਾਂ ਸੀ।

ਜਦੋਂ ਗੁਰੂ ਸਾਹਿਬ ਚਿਟਾਗਾਂਗ ਗਏ (1511 ਈ) ਓਥੇ ਮੁਸਲਮਾਨ ਰਾਜੇ ਅਲਾਉਦੀਨ ਹੁਸੈਨ ਸ਼ਾਹ ਦਾ ਰਾਜ ਸੀ ਜਿੰਨੇ 1501 ਈ ਵਿੱਚ ਕਾਮਰੂਪ ਤੇ ਵੀ ਹਮਲਾ ਕੀਤਾ ਸੀ ਤੇ ਕਮੱਖਿਆ ਮੰਦਰ ਢੁਹਾਇਆ ਸੀ। ਇਹ ਅਰਬ ਰਾਜਾ ਸੀ। ਪਰ ਸੀ ਬੜਾ ਸਹਿਣਸ਼ੀਲ। ਇਹ ਵੱਖਰੀ ਗੱਲ ਹੈ ਕਿ ਉਸ ਨੇ ਵਾਮ ਮਾਰਗੀਆਂ ਦਾ ਮੰਦਰ ਢਾਹਿਆ ਸੀ। ਹੋ ਸਕਦਾ ਕੁਝ ਹਿੰਦੂ ਇਸ ਵਾਮ ਮਾਰਗ ਦੇ ਗੰਦ ਤੋਂ ਔਖੇ ਹੋਣ। ਇਹਦੇ ਦਰਬਾਰ ਵਿੱਚ ਬਹੁਤੇ ਹਿੰਦੂ ਹੀ ਹੁੰਦੇ ਸਨ।

ਚਿਟਾਗਾਂਗ ਪਹੁੰਚ ਕੇ ਗੁਰੂ ਸਾਹਿਬ ਨੇ ਤਾਂ ਸ਼ਹਿਰ ਦੇ ਬਾਹਰ ਹੀ ਡੇਰਾ ਲਾ ਲਿਆ। ਮਰਦਾਨਾ ਸ਼ਹਿਰ ਗਇਆ ਤੇ ਜਿਵੇਂ ਗੁਰੂ ਸਾਹਿਬ ਨੇ ਦੱਸਿਆ ਸੀ ਸ਼ਹਿਰ 'ਚ ਝੰਡੇ ਤਰਖਾਣ ਦਾ ਪਤਾ ਕੀਤਾ। ਜਦੋਂ ਮਰਦਾਨਾ ਪੁੱਛ ਗਿੱਛ ਕਰ ਰਿਹਾ ਸੀ ਤਾਂ ਉਸ ਦਾ ਮੇਲ ਇੱਕ ਪੰਜਾਬੀ ਇੰਦਰ ਸੈਨ ਨਾਲ ਹੋ ਗਿਆ। ਮਰਦਾਨੇ ਨੂੰ ਪ੍ਰਦੇਸਾਂ ਵਿੱਚ ਵੇਖ ਉਹ ਖੁਸ਼ ਹੋਇਆ ਤੇ ਸਾਰੀ ਵਾਕਫੀਅਤ ਲਈ। ਜਦੋਂ ਮਰਦਾਨੇ ਨੇ ਦੱਸਿਆ ਕਿ ਅਸੀ ਲਾਹੌਰ ਲਾਗੋਂ ਆਏ ਹਾਂ ਤੇ ਇੰਦਰ ਸੈਨ ਨੇ ਕਿਹਾ ਕਿ ਅੱਜ ਕਲ ਉਸ ਇਲਾਕੇ ਦੇ ਇੱਕ ਸਾਧੂ ਨਾਨਕ ਦਾ ਨਾਮ ਬਹੁਤ ਚਲ ਰਿਹਾ ਹੈ। ਮਰਦਾਨੇ ਨੇ ਫਿਰ ਦੱਸਿਆ ਕਿ ਮੈਂ ਓਸੇ ਨਾਨਕ ਦਾ ਹੀ ਨੌਕਰ ਹਾਂ ਮਰਾਸੀ ਹਾਂ।

ਇੰਦਰ ਸੈਨ ਨੂੰ ਵੀ ਸੁਣ ਕੇ ਖੁਸ਼ੀ ਹੋਈ ਤੇ ਆਪ ਅੱਗੇ ਹੋ ਕੇ ਝੰਡੇ ਤਰਖਾਣ ਦਾ ਪਤਾ ਕੀਤਾ ਤੇ ਅਖੀਰ ਤੇ ਝੰਡੇ ਦੇ ਘਰ ਪਹੁੰਚ ਗਏ। ਝੰਡਾ ਮੰਜੀ ਉਣਨ ਡਿਹਾ ਸੀ। ਜਦੋਂ ਵਾਕਫੀਅਤ ਲਈ ਤਾਂ ਝੰਡੇ ਨੇ ਕਿਹਾ ਕਿ ਮੈਂ ਤਾਂ ਨਹੀ ਗੁਰੂ ਨਾਨਕ ਨੂੰ ਜਾਣਦਾ। ਮਰਦਾਨੇ ਕਿਹਾ ਕਿ ਇਹ ਜਦੋਂ ਤੂੰ ਉਨੂੰ ਮਿਲੇਗਾ ਤਾਂ ਦੱਸ ਦਈ। ਫਿਲਹਾਲ ਤੂੰ ਬਾਬੇ ਨੂੰ ਮਿਲ ਲੈ। ਝੰਡੇ ਨੇ ਮਰਦਾਨੇ ਨੂੰ ਨਾਲ ਲੈ ਕੇ ਛੇਤੀ ਛੇਤੀ ਮੰਜੀ ਉਣੀ ਤੇ ਬਾਬੇ ਨਾਨਕ ਨੂੰ ਮਿਲਣ ਲਈ ਤਿਆਰ ਹੋ ਗਿਆ। ਤੁਰਨ ਲਗਿਆ ਖਿਆਲ ਆਇਆ ਕਿ ਸਾਧੂ ਸੰਤ ਨੂੰ ਮਿਲਣ ਜਾ ਰਿਹਾ ਹਾਂ ਖਾਲੀ ਹੱਥ ਜਾਣਾ ਚੰਗਾ ਨਹੀ ਲੱਗਦਾ। ਮਰਦਾਨੇ ਨੂੰ ਕਿਉਕਿ ਆਪ ਭੁੱਖ ਲੱਗੀ ਹੋਈ ਸੀ ਉਸ

ਪੈੜ ਸਫਾ

⊙ ਗਿਆਨੀ ਗਿਆਨ ਸਿੰਘ । ◈ ਕੋਹਲੀ

● ਸਾਈਕਲ ਯਾਤਰੀ -122 ਨੇ ਖੁੱਦ ਇਸ ਖੂਹ ਦੇ ਦਰਸ਼ਨ ਕੀਤੇ। ਇਹ ਬੇਚਰਾਗ ਹੋ ਚੁੱਕੇ ਪੁਰਾਣੇ ਢਾਕੇ ਦੇ ਇਲਾਕੇ ਵਿੱਚ ਸੀ। 1930 ਵਿੱਚ ਢਾਕਾ ਸ਼ਹਿਰ ਇਸ ਥਾਂ ਤੋਂ 3-4 ਕਿ. ਮੀ. ਹਟਵਾ ਸੀ। ਉਸ ਨੇ ਲਿਖਿਆ ਹੈ ਕਿ ਉਹਦੇ ਜਾਣ ਤੋਂ ਕੁਝ ਚਿਰ ਪਹਿਲਾਂ ਇਹ ਖੂਹ ਬਰਬਾਦ ਹਾਲਤ ਵਿੱਚ ਹੋ ਚੁੱਕਾ ਸੀ। ਫਿਰ ਇੱਕ ਪੰਜਾਬੀ ਸਾਧੂ ਨੇ ਆ ਕੇ ਇਥੇ ਡੇਰਾ ਲਾ ਲਿਆ ਤੇ ਲੋਕਾਂ ਨੂੰ ਇਥੇ ਕੂੜਾ ਕਰਕਟ ਸੁੱਟਣ ਤੋਂ ਵਰਜ ਦਿੱਤਾ। ਧੰਨਾ ਸਿੰਘ ਉਸ ਸਾਧੂ ਦੀ ਗੁਰੂ ਭਗਤੀ ਤੋਂ ਪ੍ਰਭਾਵਤ ਹੋਇਆ ਕਿਉਕਿ ਉਸ ਸਾਧੂ ਨੇ ਆਪਣੀ ਜਾਨ ਦੀ ਪ੍ਰਵਾਹ ਕੀਤੇ ਬਿਨਾਂ ਉਸ ਯਾਦਗਾਰ ਨੂੰ ਸਾਂਭੀ ਰੱਖਿਆ। 1960 ਈ. ਤੱਕ ਇਹ ਖੂਹ ਬਰਕਰਾਰ ਰਿਹਾ ਹੈ। ਬਾਦ ਵਿੱਚ ਸ਼੍ਰੋਮਣੀ ਕਮੇਟੀ ਜਿਹੀਆਂ ਸੰਸਥਾਵਾਂ ਨੇ ਕਦੀ ਖੇਚਲ ਹੀ ਨਾਂ ਕੀਤੀ ਕਿ ਉਸ ਉਸ ਖੂਹ ਅਤੇ ਬਰਛਾ ਸਾਹਿਬ ਯਾਦਗਾਰ ਨੂੰ ਕਿਸੇ ਤਰਾਂ ਬਚਾਈ ਰੱਖਿਆ ਜਾਵੇ। ਪਟਿਆਲੇ ਦੇ ਪ੍ਰੋ. ਪਰਮਵੀਰ ਸਿੰਘ ਅਨੁਸਾਰ ਅੱਜ ਬਰਛਾ ਗਾਇਬ ਹੈ ਤੇ ਖੂਹ ਵਾਲੀ ਯਾਦਗਾਰ ਤੇ ਛੇ ਮੰਜਲੀ ਇਮਾਰਤ ਬਣੀ ਹੋਈ ਹੈ।

○ ਜਦੋਂ ਹਾਲਾਤਾਂ ਵਿਚ ਉਥਲ ਪੁਥਲ ਮੱਚਦੀ ਹੈ, ਸੂਝਵਾਨ ਸਰਕਾਰਾਂ, ਜਥੇਬੰਦੀਆਂ ਅਤੇ ਦੀਵਾਨ ਓਦੋਂ ਹਰਕਤ ਵਿਚ ਆਉਦੇ ਹਨ। 1947 ਦੀ ਵੰਡ ਹੋਈ। ਫਿਰ 1971 ਵਿਚ ਬੰਗਲਾਦੇਸ਼ ਅਜ਼ਾਦ ਹੋਇਆ। ਇਨਾਂ ਦੋਵਾਂ ਮੌਕਿਆਂ ਤੇ ਹੀ ਸ਼ਰੋਮਣੀ ਕਮੇਟੀ ਨੇ ਅਪਣਾ ਬਣਦਾ ਰੋਲ ਨਹੀ ਨਿਭਾਇਆ। ਚਾਹੇ ਪਾਕਿਸਤਾਨ ਜਾਂ ਬੰਗਲਾਦੇਸ਼ ਦੇਸ ਦੇ ਗੁਰਧਾਮ ਹੋਣ ਜਾਂ ਗੁਰੂ ਸਾਹਿਬਾਨ ਦੀਆਂ ਨਿਸ਼ਾਨੀਆਂ ਹੋਣ ਇਨਾਂ ਬਾਬਤ ਕਮੇਟੀ ਨੇ ਅੱਜ ਤਕ ਕੋਈ ਨੀਤ (ਪਾਲਿਸੀ) ਬਣਾਈ ਹੀ ਨਹੀ। ਹੁਣ ਤਾਂ ਵੈਸੇ ਹੀ ਇਹ ਸਰਕਾਰ ਦਾ ਅੰਗ ਬਣ ਚੁੱਕੀ ਹੈ। ਸੋ ਜਰੂਰਤ ਹੈ ਬਾਹਰ ਮੁਲਕੀ ਸਿੱਖਾਂ ਦੀ ਕੇਂਦਰੀ ਪੰਚਾਇਤ ਖੜੀ ਕੀਤੀ ਜਾਵੇ ਕਿਧਰੇ ਇੰਗਲੈਂਡ ਜਾਂ ਕਨੇਡਾ ਅਮਰੀਕਾ ਵਿਚ।

ਧੰਨਾ ਸਿੰਘ ਲਿਖਦਾ ਹੈ ਕਿ ਇਸ ਖੂਹ ਦਾ ਜਲ ਕਰਾਮਾਤੀ ਹੈ ਤੇ ਆਸ ਪਾਸ ਦੇ ਲੋਕ ਇਸ ਦੇ ਜਲ ਨੂੰ ਦੁੱਖ ਦੂਰ ਕਰਨ ਵਾਲਾ ਮੰਨਦੇ ਹਨ। ਲਿਖਦਾ ਹੈ ਕਿ ਮੈਂ ਆਪਣੀ ਅੱਖੀ ਵੇਖਿਆ ਖੂਹ ਦਾ ਪਾਣੀ ਦਿਨ ਵਿੱਚ ਤਿੰਨ ਰੰਗ ਬਦਲਦਾ ਹੈ ਜਿਸ ਦੀ ਇਲਾਕੇ ਵਿੱਚ ਚਰਚਾ ਹੈ।

ਨੋਟ - ਗਿਆਨੀ ਨੇ ਏਸੇ ਬਸਤੀ ਨੂੰ ਹੀ ਗਲਤੀ ਨਾਲ ਧੰਨਪੁਰ ਲਿਖਿਆ ਹੈ ਪਰ ਸਰਦਾਰ ਜੀ ਬੀ ਸਿੰਘ ਨੇ ਇਨੂੰ ਜਾਫਰਾਬਾਦ ਕਿਹਾ ਹੈ। ਅੱਜ ਵੀ ਜਾਫਰਾਬਾਦ ਬਸਤੀ ਢਾਕੇ ਵਿੱਚ

ਨੇ ਝੰਡੇ ਨੂੰ ਸਮਝਾਇਆ ਕਿ ਬਾਬਾ ਨਾਨਕ ਕੁਝ ਵੀ ਵਸਤੂ ਜਾਂ ਨਕਦੀ ਨਹੀ ਲੈਂਦਾ। ਝੰਡਾ ਬਜਾਰੋਂ ਜਾ ਕੇ ਫਿਰ ਕਟਹਲ (ਜੈਕ ਫਰੂਟ) ਦਾ ਫਲ ਲਿਆਂਦਾ ਤੇ ਉਹਦੀ ਸਬਜੀ ਬਣਵਾਈ। ਭੋਜਨ ਤਿਆਰ ਕਰਵਾ ਕੇ ਗੁਰੂ ਸਾਹਿਬ ਦੇ ਪੇਸ਼ ਹੋਇਆ।

ਝੰਡਾ ਕਰਤਾਰ ਕਰਤਾਰ ਕਹਿ ਕੇ ਗੁਰੂ ਸਾਹਿਬ ਨੂੰ ਮਿਲਿਆ। ਕਹਿਣ ਲੱਗਾ ਮਹਾਤਮਾ ਜੀ ਮੈਂ ਤੁਹਾਨੂੰ ਨਹੀ ਜਾਣਦਾ ਪਰ ਤੁਹਾਨੂੰ ਮੇਰਾ ਨਾਂ-ਪਤਾ ਕਿਹਨੇ ਦੱਸਿਆ? ਗੁਰੂ ਸਾਹਿਬ ਨੇ ਕਿਹਾ ਝੰਡਾ ਆਹ ਕੀ ਚੁੱਕੀ ਫਿਰਦੈ? ਝੰਡਾ ਕਹਿੰਦਾ ਜੀ ਤੁਹਾਡੇ ਵਾਸਤੇ ਭੋਜਨ ਲਿਆਇਆ ਹਾਂ। ਗੁਰੂ ਸਾਹਿਬ ਕਿਹਾ ਕਿ ਜੇ ਤੂੰ ਸਾਨੂੰ ਜਾਣਦਾ ਬੁੱਝਦਾ ਨਹੀ ਤਾਂ ਏਨੀ ਖੇਚਲ ਕਾਹਦੇ ਵਾਸਤੇ? ਝੰਡੇ ਕਹਿੰਦਾ ਜੀ ਜਾਣਦਾ ਤਾਂ ਨਹੀ ਹਾਂ ਪਰ ਮੈਨੂੰ ਪਤਾ ਤੁਸੀ ਵੀ ਪ੍ਰਮੇਸ਼ਰ ਦੇ ਜੀਅ ਹੋ, ਇਸ ਕਰਕੇ ਲੈ ਆਇਆ ਹਾਂ। ਗੁਰੂ ਸਾਹਿਬ ਨੇ ਕਿਹਾ ਤੂੰ ਪ੍ਰਮੇਸ਼ਰ ਨੂੰ ਜਾਣਦਾ ਵੈਂ? ਝੰਡਾ ਕਹਿੰਦਾ ਜੀ ਹਾਂ। ਗੁਰੂ ਸਾਹਿਬ ਕਿਹਾ ਭਾਈ ਉਹ ਕਿਹੋ ਜਿਹਾ ਹੈ? ਗੱਲਾਂ ਬਾਤਾਂ ਵਿੱਚ ਹੀ ਗੁਰੂ ਸਾਹਿਬ ਨੇ ਝੰਡੇ ਨੂੰ ਗੁਰਮਤ ਗਿਆਨ ਬਖਸ਼ ਦਿੱਤਾ।

ਗੁਰੂ ਸਾਹਿਬ ਨੇ ਕਿਹਾ ਝੰਡਿਆਂ ਅਸੀ 1500 ਕੋਹ ਜੁ ਆਏ ਹਾਂ ਸਾਡਾ ਮਕਸਦ ਨਿਰਾ ਭੋਜਨ ਕਰਨਾਂ ਨਹੀ। ਅਸੀ ਤੇਰੇ ਖਾਤਰ ਆਏ ਹਾਂ। ਤੈਨੂੰ ਪ੍ਰਮੇਸ਼ਵਰ ਦੀ ਮਿਲਣ ਦੀ ਤਾਂਘ ਸੀ ਉਹ ਖਿੱਚ ਲਿਆਈ ਹੈ। ਸਾਹਿਬ ਨੇ ਝੰਡੇ ਨੂੰ ਕਿਹਾ ਕਿ ਇਸ ਭੋਜਨ ਵਿੱਚ ਇੰਦਰ ਸੈਨ ਦਾ ਵੀ ਹਿੱਸਾ ਹੈ, ਉਨੂੰ ਸੱਦ ਲਿਆ ਫਿਰ ਭੋਜਨ ਕਰਾਂਗੇ।

ਝੰਡਾ ਫਿਰ ਸ਼ਹਿਰ ਪਰਤ ਆਇਆ। ਬੜੀ ਮੁਸ਼ਕਲ ਇੰਦਰ ਸੈਨ ਨੂੰ ਰਾਜੇ ਦੇ ਬਾਗ ਵਿੱਚੋਂ ਜਾ ਲੱਭਾ ਤੇ ਸਾਰੀ ਗੱਲ ਇੰਦਰ ਸੈਨ ਨੂੰ ਦੱਸੀ ਕਿ ਬਾਬੇ ਨਾਨਕ ਨੇ ਭੋਜਨ ਤਾਂ ਕਰਨਾ ਜੇ ਤੂੰ ਵੀ ਹਾਜਰ ਹੋਵੇ ਤਾਂ। ਪਹਿਲਾਂ ਤਾਂ ਇੰਦਰ ਸੈਨ ਨੇ ਜਾਣ ਤੋਂ ਨਾਂਹ ਕਰ ਦਿੱਤੀ ਫਿਰ ਝੰਡੇ ਦੇ ਜੋਰ ਪਾਉਣ ਤੇ ਉਹ ਵੀ ਤਿਆਰ ਹੋ ਗਿਆ।

ਪਹਿਰ ਰਾਤ ਹੋਈ ਨੂੰ (ਰਾਤ ਦੇ 10 ਵਜੇ ਦੇ ਕਰੀਬ) ਝੰਡਾ ਇੰਦਰ ਸੈਨ ਨੂੰ ਲੈ ਕੇ ਗੁਰੂ ਸਾਹਿਬ ਕੋਲ ਪਹੁੰਚਿਆ। ਰਸਤੇ ਵਿੱਚ ਇੰਦਰ ਸੈਨ ਨੇ ਝੰਡੇ ਕੋਲੋ ਪੁੱਛਿਆ ਕਿ ਕਿਓ ਭਾਈ ਬਾਬਾ ਨਾਨਕ ਸਾਡੀ ਬੋਲੀ ਵੀ ਸਮਝਦਾ ਹੈ ਕਿ ਨਹੀ? ਝੰਡੇ ਨੇ ਕਿਹਾ ਉਹ ਸਮਝਦਾ ਹੈ। ਬਿਹਤ੍ਰ ਹੈ ਉਨੂੰ ਨਮਸਕਾਰ ਦੀ ਥਾਂ 'ਕਰਤਾਰ' 'ਕਰਤਾਰ' ਕਹੀ।

ਇੰਦਰ ਸੈਨ ਦਾ ਗੁਰੂ ਸਾਹਿਬ ਨਾਲ ਮਿਲਾਪ ਹੋਇਆ। ਇੰਦਰ ਸੈਨ ਕਹਿੰਦਾ ਜੀ ਅਸੀ ਤੁਸੀ ਕਦੋਂ ਦੇ ਵਾਕਿਫ ਹਾਂ? ਗੁਰੂ ਸਾਹਿਬ ਨੇ ਇੰਦਰ ਸੈਨ ਦਾ ਬੀਤਿਆ ਸਮਾਂ ਜਦੋਂ ਦੱਸਣਾ ਸ਼ੁਰੂ ਕੀਤਾ ਤਾਂ ਸੈਨ ਕੁਝ ਹੀ ਗੱਲਾਂ ਸੁਣਨ ਤੋਂ ਬਾਦ 'ਜੀ ਬੱਸ ਕਰੋ, ਬੱਸ ਕਰੋ' ਕਹਿ ਕੇ ਗੁਰੂ ਸਾਹਿਬ ਦੇ ਚਰਨਾਂ ਤੇ ਢਹਿ ਪਿਆ ਅਤੇ ਗੁਰੂ ਜੀ ਚੁੱਪ ਕਰਵਾ ਦਿੱਤਾ। ਕਹਿਣ ਤੋਂ ਮਤਲਬ ਗੁਰੂ ਸਾਹਿਬ ਨੇ ਦੋਵਾਂ ਨੂੰ ਇਹ ਸਮਝਾਇਆ ਕਿ ਭਾਈ ਤੁਹਾਨੂੰ ਪ੍ਰਮੇਸਵਰ ਨੂੰ ਪਾਉਣ ਦੀ ਲਾਲਸਾ ਹੈ ਤੇ ਮੈਂ ਥਾਂਈ ਥਾਂਈ ਜਾ ਕੇ ਪ੍ਰਮੇਸ਼ਰ ਦਾ ਰਾਹ ਦੱਸਦਾ ਪਿਆ ਵਾਂ। ਇਥੇ ਆਉਣ ਦਾ ਮੇਰਾ ਮਨੋਰਥ ਵੀ ਇਹੋ ਹੈ।

ਇੰਦਰ ਸੈਨ ਨੇ ਝੰਡੇ ਨੂੰ ਪੁੱਛਿਆ ਕਿਉ ਭਾਈ ਕੁਝ ਸਮਝ ਲੱਗੀ। ਝੰਡਾ ਕਹਿੰਦਾ ਮੈਂ ਕੀ ਜਾਣਾ ਗੂੜ ਗਿਆਨ ਦੀਆਂ ਗੱਲਾਂ।

ਗੁਰੂ ਸਾਹਿਬ ਨੇ ਮਰਦਾਨੇ ਨੂੰ ਸੁਚੇਤ ਕੀਤਾ। ਕੁਝ ਚਿਰ ਚੁੱਪ ਰਹੇ ਤਾਂ ਮਰਦਾਨੇ ਨੇ ਤਾਰ ਛੇੜ ਦਿੱਤੀ। ਰਾਗ ਮਾਰੂ ਆਇਆ:

ਮਾਰੂ ਮਹਲਾ ੧ ॥ ਸਰਣਿ ਪਰੇ ਗੁਰਦੇਵ ਤੁਮਾਰੀ ॥ ਤੂ ਸਮਰਥੁ ਦਇਆਲੁ ਮੁਰਾਰੀ ॥ ਤੇਰੇ ਚੋਜ ਨ ਜਾਣੈ ਕੋਈ ਤੂ ਪੂਰਾ ਪੁਰਖੁ ਬਿਧਾਤਾ ਹੇ ॥੧॥ ਤੂ ਆਦਿ ਜੁਗਾਦਿ ਕਰਹਿ ਪ੍ਰਤਿਪਾਲਾ ॥ ਘਟਿ ਘਟਿ ਰੂਪੁ ਅਨੂਪੁ ਦਇਆਲਾ ॥ ਜਿਉ ਤੁਧੁ ਭਾਵੈ ਤਿਵੈ ਚਲਾਵਹਿ ਸਭੁ ਤੇਰੋ ਕੀਆ ਕਮਾਤਾ ਹੇ ॥੨॥ ਅੰਤਰਿ ਜੋਤਿ ਭਲੀ ਜਗਜੀਵਨ ॥ ਸਭਿ ਘਟ ਭੋਗੈ ਹਰਿ ਰਸੁ ਪੀਵਨ ॥ ਆਪੇ ਲੇਵੈ ਆਪੇ ਦੇਵੈ ਤਿਹੁ ਲੋਈ ਜਗਤ ਪਿਤ ਦਾਤਾ ਹੇ ॥੩॥ ਜਗਤੁ ਉਪਾਇ ਖੇਲੁ ਰਚਾਇਆ ॥ ਪਵਣੈ ਪਾਣੀ ਅਗਨੀ ਜੀਉ ਪਾਇਆ ॥ ਦੇਹੀ ਨਗਰੀ ਨਉ ਦਰਵਾਜੇ ਸੋ ਦਸਵਾ ਗੁਪਤੁ ਰਹਾਤਾ ਹੇ ॥੪॥ ਚਾਰਿ ਨਦੀ ਅਗਨੀ ਅਸਰਾਲਾ ॥ ਕੋਈ ਗੁਰਮੁਖਿ ਬੂਝੈ ਸਬਦਿ ਨਿਰਾਲਾ ॥ ਸਾਕਤ ਦੁਰਮਤਿ ਡੂਬਹਿ ਦਾਝਹਿ ਗੁਰਿ ਰਾਖੇ ਹਰਿ ਲਿਵ ਰਾਤਾ ਹੇ ॥੫॥ ਅਪੁ ਤੇਜੁ ਵਾਇ ਪ੍ਰਿਥਮੀ ਆਕਾਸਾ ॥ ਤਿਨ ਮਹਿ ਪੰਚ ਤਤੁ ਘਰਿ ਵਾਸਾ ॥ ਸਤਿਗੁਰ ਸਬਦਿ ਰਹਹਿ ਰੰਗਿ ਰਾਤਾ ਤਜਿ ਮਾਇਆ ਹਉਮੈ ਭ੍ਰਾਤਾ ਹੇ ॥੬॥ ਇਹੁ ਮਨੁ ਭੀਜੈ ਸਬਦਿ ਪਤੀਜੈ ॥ ਬਿਨੁ ਨਾਵੈ ਕਿਆ ਟੇਕ ਟਿਕੀਜੈ ॥ ਅੰਤਰਿ ਚੋਰੁ ਮੁਹੈ ਘਰੁ ਮੰਦਰੁ ਇਨਿ ਸਾਕਤਿ ਦੂਤੁ ਨ ਜਾਤਾ ਹੇ ॥੭॥ ਦੁੰਦਰ ਦੂਤ ਭੂਤ ਭੀਹਾਲੇ ॥ ਖਿੰਚੋਤਾਣਿ ਕਰਹਿ ਬੇਤਾਲੇ ॥ ਸਬਦ ਸੁਰਤਿ ਬਿਨੁ ਆਵੈ ਜਾਵੈ ਪਤਿ ਖੋਈ ਆਵਤ ਜਾਤਾ ਹੇ ॥੮॥ ਕੂੜੁ ਕਲਰੁ ਤਨੁ ਭਸਮੈ ਢੇਰੀ ॥ ਬਿਨੁ ਨਾਵੈ ਕੈਸੀ ਪਤਿ ਤੇਰੀ ॥ ਬਾਧੇ ਮੁਕਤਿ ਨਾਹੀ ਜੁਗ ਚਾਰੇ ਜਮਕੰਕਰਿ ਕਾਲਿ ਪਰਾਤਾ ਹੇ ॥੯॥ ਜਮ ਦਰਿ ਬਾਧੇ ਮਿਲਹਿ ਸਜਾਈ ॥ ਤਿਸੁ ਅਪਰਾਧੀ ਗਤਿ ਨਹੀ ਕਾਈ ॥ ਕਰਣ ਪਲਾਵ ਕਰੇ ਬਿਲਲਾਵੈ ਜਿਉ ਕੁੰਡੀ ਮੀਨੁ ਪਰਾਤਾ ਹੇ ॥੧੦॥ ਸਾਕਤੁ ਫਾਸੀ ਪੜੈ ਇਕੇਲਾ ॥ ਜਮ ਵਸਿ ਕੀਆ ਅੰਧੁ ਦੁਹੇਲਾ ॥ ਰਾਮ ਨਾਮ ਬਿਨੁ ਮੁਕਤਿ ਨ ਸੂਝੈ ਆਜੁ ਕਾਲਿ ਪਚਿ ਜਾਤਾ ਹੇ ॥੧੧॥ ਸਤਿਗੁਰ ਬਾਝੁ ਨ ਬੇਲੀ ਕੋਈ ॥ ਐਥੈ ਓਥੈ ਰਾਖਾ ਪ੍ਰਭੁ ਸੋਈ ॥ ਰਾਮ ਨਾਮੁ ਦੇਵੈ ਕਰਿ ਕਿਰਪਾ ਇਉ ਸਲਲੈ ਸਲਲ ਮਿਲਾਤਾ ਹੇ ॥੧੨॥ ਭੂਲੇ ਸਿਖ ਗੁਰੂ ਸਮਝਾਏ ॥ ਉਝੜਿ ਜਾਦੇ ਮਾਰਗਿ ਪਾਏ ॥ ਤਿਸੁ ਗੁਰ ਸੇਵਿ ਸਦਾ ਦਿਨੁ ਰਾਤੀ ਦੁਖ ਭੰਜਨ ਸੰਗਿ ਸਖਾਤਾ ਹੇ ॥੧੩॥ ਗੁਰ ਕੀ ਭਗਤਿ ਕਰਹਿ ਕਿਆ ਪ੍ਰਾਣੀ ॥ ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ ॥ ਸਤਿਗੁਰੁ ਅਲਖੁ ਕਹਹੁ ਕਿਉ ਲਖੀਐ ਜਿਸੁ ਬਖਸੇ ਤਿਸਹਿ ਪਛਾਤਾ ਹੇ ॥੧੪॥ ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥ ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ ॥ ਅਹਿਨਿਸਿ ਨਿਰਮਲ ਜੋਤਿ ਸਬਾਈ ਘਟਿ ਦੀਪਕੁ ਗੁਰਮੁਖਿ ਜਾਤਾ ਹੇ ॥੧੫॥ ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥ ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥ ਸਤਿਗੁਰੁ ਸੇਵਹਿ ਸੇ ਪਰਧਾਨਾ ॥ ਤਿਨ ਘਟ ਘਟ ਅੰਤਰਿ ਬ੍ਰਹਮੁ ਪਛਾਨਾ ॥ ਨਾਨਕ ਹਰਿ ਜਸੁ ਹਰਿ ਜਨ ਕੀ ਸੰਗਤਿ ਦੀਜੈ ਜਿਨ ਸਤਿਗੁਰੁ ਹਰਿ ਪ੍ਰਭੁ ਜਾਤਾ ਹੇ ॥੧੭॥੫॥੧੧॥

ਓਹ ਬੰਗਾਲੀ ਲੋਕ ਕੀ ਸਮਝਣ ਪੰਜਾਬੀਆਂ ਦਾ ਮਾਰੂ। ਪਰ ਮਰਦਾਨੇ ਦੀ ਧੁੰਨ ਤੇ ਗੁਰੂ ਸਾਹਿਬ ਦੇ ਸ਼ਬਦ ਇਉ ਕਿਰਨ ਜਿਵੇ ਤਰੇਲ ਦੇ ਮੋਤੀ ਮਸਤ ਪੋਦਿਆਂ ਤੇ ਪੈਂਦੇ ਨੇ।

ਵਿਚ ਰੋਕ ਕੇ ਗੁਰੂ ਸਾਹਿਬ ਨੇ ਪੁੱਛਿਆ ਕਿਓ ਭਾਈ ਸੰਗੀਓ ਕੁਝ ਸਮਝ ਵੀ ਲੱਗ ਰਹੀ ਹੈ? ਝੰਡਾ ਕਹਿੰਦਾ ਤੁਹਾਡੇ ਲਫਜ਼ ਬਾ ਲਫਜ਼ ਤਾਂ ਸਮਝ ਨਹੀ ਲੱਗ ਰਹੀ ਪਰ ਜਦੋਂ ਅਹਿਸਾਸ ਹੁੰਦਾ ਹੈ ਕਿ ਪ੍ਰਮੇਸ਼ਰ ਦੀ ਸਿਫਤ ਸਾਲਾਹ ਚਲ ਰਹੀ ਤਾਂ ਵੱਖਰਾ ਹੀ ਅਨੰਦ ਮਹਿਸੂਸ ਹੋ ਰਿਹਾ ਹੈ। ਗੁਰੂ ਸਾਹਿਬ ਜਾਰੀ ਰੱਖੋ।

ਸ਼ਬਦ ਪੂਰਾ ਹੋਣ ਤੇ ਫਿਰ ਗੱਲਾਂ ਬਾਤਾਂ ਸ਼ੁਰੂ ਹੋਈਆਂ। ਗੁਰੂ

ਪੈੜ ਸਫਾ

ਬਾਲਾ-168, ਪੁਰਾਤਨ- 94

ਪੁਰਾਤਨ ਜਨਮ ਸਾਖੀ ਵਿਚ ਇਸ ਸਾਖੀ ਉਪਰੰਤ ਜੋ ਵਾਰਤਾ ਲਿਖੀ ਗਈ ਹੈ ਉਸ ਨੂੰ ਜੁਗਾਵਲੀ ਦਾ ਨਾ ਦਿਤਾ ਹੈ। ਇਸ ਤੋਂ ਫਿਰ ਵਿਦਵਾਨਾਂ ਨੂੰ ਜ਼ਾਹਿਰ ਹੋ ਗਿਆ ਕਿ ਪੁਰਾਤਨ ਜਨਮ ਸਾਖੀ 1635 ਈ. ਦੀ ਰਚਨਾ ਹੈ।(ਪੁਰਾਤਨ-213)

ਚਿਟਾਗਾਂਗ ਨੂੰ ਬੰਗਲਾ ਵਿੱਚ ਚਿਟਾਂਗ ਹੀ ਕਹਿੰਦੇ ਹਨ ਜੋ ਕਿ ਚਿਟਾਗਾਓ ਤੋਂ ਵਿਗੜਿਆ ਰੂਪ ਹੈ। ਪੁਰਾਤਨ ਜਨਮ ਸਾਖੀ ਵਿੱਚ ਨਗਰ ਦਾ ਨਾਂ ਛੁਟਘਾਟਕਾ ਲਿਖਿਆ ਹੈ। ਨਾਲ ਸਾਫ ਸਾਫ 'ਨਗਰ' ਲਫਜ਼ ਹੈ ਕਿ ਕਿਸੇ ਸ਼ਹਿਰ ਦੀ ਗੱਲ ਹੈ।

ਸਾਹਿਬ ਨੇ ਝੰਡੇ ਨੂੰ ਉਪਦੇਸ਼ ਕੀਤਾ ਕਿ ਝੰਡਾ ਤੂੰ ਵੀ ਪਰਮੇਸ਼ਰ ਦੇ ਨੇਕ ਕੰਮ ਵਿੱਚ ਲੱਗ ਜਾਂ। ਲੋਕਾਂ ਨੂੰ ਕੁਬੁਧ ਕਰਨ ਤੋਂ ਰੋਕ ਤੇ ਸਹੀ ਰਸਤੇ ਤੇ ਪਾ। ਭੁੱਲੀ ਭਟਕੀ ਲੋਕਾਈ ਨੂੰ ਗਿਆਨ ਵੰਡ।

ਝੰਡੇ ਨੇ ਅੱਗੋ ਉੱਤਰ ਦਿੱਤਾ ਕਿ "ਮੈਂ ਕਬੀਲਦਾਰ ਬੰਦਾ ਜੀ ਮੈਂ ਇਸ ਕੰਮ ਵਿੱਚ ਕਿਵੇ ਪੈ ਸਕਦਾ ਹਾਂ। ਮੇਰੇ ਤਾਂ ਨਿਆਣੇ ਭੁੱਖੇ ਮਰ ਜਾਣਗੇ। "

ਇਥੇ ਫਿਰ ਗੁਰੂ ਸਾਹਿਬ ਨੇ ਸ਼ਬਦ ਉਚਾਰਿਆ ਤੇ ਦੱਸਿਆ ਕਿ ਭਾਈ ਜੀਵ ਦੇ ਪੈਦਾ ਹੋਣ ਤੋਂ ਪਹਿਲਾਂ ਹੀ ਨਿਰੰਕਾਰ ਰਿਜਕ ਦਾ ਇੰਤਜਾਮ ਕਰਦਾ ਹੈ। ਤੂੰ ਕਾਹਨੂੰ ਘਬਰਾਉਂਦਾ ਵਾਂ।

ਜਦੋਂ ਝੰਡੇ ਦੀ ਤਸੱਲੀ ਹੋ ਗਈ ਤਾਂ ਇੰਦਰ ਸੈਨ ਕਹਿੰਦਾ ਭਾਈ ਝੰਡਾ ਲਿਆ ਹੁਣ ਪਰੋਸ ਜੋ ਲੈ ਕੇ ਆਇਆ ਹੈ ਸੰਤਾਂ ਵਾਸਤੇ। ਓਧਰ ਮਰਦਾਨਾ ਵੀ ਕਾਹਲਾ ਪੈ ਗਿਆ। ਅਖੇ ਜੀ ਗੱਲਾਂ ਬਾਤਾਂ ਤਾਂ ਹੁੰਦੀਆਂ ਰਹਿਣਗੀਆਂ ਭੋਜਨ ਤਾਂ ਛੱਕ ਲਓ। ਗੁਰੂ ਸਾਹਿਬ ਨੇ ਝੰਡੇ ਨੂੰ ਕਹਿ ਕੇ ਭੋਜਨ ਚਾਰ ਥਾਂਈ ਕਰਵਾ ਦਿੱਤਾ। (ਝੰਡਾ, ਮਰਦਾਨਾ, ਇੰਦਰ ਸੈਨ ਤੇ ਗੁਰੂ ਸਾਹਿਬ ਲਈ) ਝੰਡੇ ਨੇ ਫਿਰ ਕਹਿ ਦਿੱਤਾ ਕਿ ਗੁਰੂ ਸਾਹਿਬ ਜੀ ਪ੍ਰਸ਼ਾਦਿ ਛੱਕ ਲਓ।

ਝੰਡੇ ਨੇ ਜਿਵੇਂ ਗੁਰੂ ਸਾਹਿਬ ਨਾਲ ਭੋਜਨ ਛਕਿਆ ਝੰਡੇ ਨੂੰ ਖੁਮਾਰੀ ਚੜ੍ਹ ਗਈ। ਝੰਡਾ ਤਾਂ ਲੱਗਾ ਅਵਲ ਟਵਲੀਆਂ ਮਾਰਨ ਤੇ ਫਿਰ ਬੇਸੁਧ ਹੋ ਗਿਆ। ਇੰਦ੍ਰ ਸੈਨ ਕਹਿੰਦਾ "ਲਓ ਪੈ ਗਇਆ ਪੁਆੜਾ। "

ਗੁਰੂ ਸਾਹਿਬ ਨੇ ਇੰਦਰ ਸੈਨ ਨੂੰ ਕਿਹਾ ਭਾਈ ਘਬਰਾਓ ਨਾਂ ਅਸੀ ਕਿਸੇ ਮਕਸਦ ਲਈ ਇਥੇ ਆਏ ਹਾਂ। ਮਰਦਾਨੇ ਨੂੰ ਹੁਕਮ ਕੀਤਾ ਕਿ ਤੇ ਪਾਣੀ ਮੰਗਵਾਇਆ। ਗੁਰੂ ਸਾਹਿਬ ਨੇ ਆਪ ਵੀ ਇਸ਼ਨਾਨ ਕੀਤਾ ਤੇ ਝੰਡੇ ਤੇ ਪਾਣੀ ਛਿੜਕਿਆ। ਝੰਡਾ ਹੋਸ਼ ਵਿੱਚ ਆਇਆ ਤੇ ਗੁਰੂ ਸਾਹਿਬ ਦੇ ਚਰਨਾਂ ਤੇ ਡਿੱਗ ਗਿੜਗਿੜਾਇਆ, "ਸਾਹਿਬ ਮੈਂ ਅੱਜ ਬਹਿਸ਼ਤ ਵੇਖ ਲਿਆ। "

ਗੁਰੂ ਸਾਹਿਬ ਨੇ ਐਲਾਨ ਕਰ ਦਿੱਤਾ ਕਿ ਝੰਡਾ ਤੈਨੂੰ ਅਸੀ ਗੁਰਮਤ ਦਾ ਪ੍ਰਚਾਰਕ ਥਾਪਿਆ ਹੈ ਇਸ ਇਲਾਕੇ ਵਾਸਤੇ। ਤੇਰੇ ਟੱਬਰ ਦਾ ਧਿਆਨ ਕਰਤਾਰ ਕਰੇਗਾ। ਤੂੰ ਨਹੀ ਚਿੰਤਾ ਕਰਨੀ। ਬਸ ਤੂੰ ਨਿਰੰਕਾਰ ਕਰਤਾ ਪੁਰਖ ਅਜੂਨੀ ਸੈਭੰ ਦਾ ਪ੍ਰਚਾਰ ਕਰਨਾਂ ਹੈ।

ਝੰਡੇ ਨੇ ਵੀ ਕਹਿ ਦਿੱਤਾ ਕਿ ਗੁਰੂ ਜੀ ਇਹ ਜੀਵਨ ਤੇਰੇ ਲੇਖੇ। ਜਿਵੇ ਤੂੰ ਕਹੇ ਮੈਂ ਕਰਾਂ।

ਸਵੇਰ ਹੋ ਗਈ। ਝੰਡਾ ਤੇ ਇੰਦਰ ਸੈਨ ਗੁਰਮਤ ਦੇ ਰੰਗ ਵਿੱਚ ਰੰਗੇ, ਸ਼ਹਿਰ ਆਪਣੇ ਆਪਣੀ ਘਰੀਂ ਪਹੁੰਚੇ।

---◆---

## ਜਦੋਂ ਬੰਗਾਲ ਦੇ ਬਾਦਸ਼ਾਹ ਨੇ ਗੁਰੂ ਸਾਹਿਬ ਨੂੰ ਹਾਜਰ ਹੋਣ ਦੇ ਹੁਕਮ ਚਾੜ ਦਿੱਤੇ।

ਝੰਡੇ ਤੇ ਇੰਦਰ ਸੈਨ ਤੋਂ ਗੱਲ ਸਾਰੇ ਸ਼ਹਿਰ ਵਿੱਚ ਜੰਗਲ ਦੀ ਅੱਗ ਵਾਂਗ ਫੈਲ ਗਈ ਕਿ ਇੱਕ ਜਾਣੀ ਜਾਣ ਪ੍ਰਮੇਸ਼ਰ ਦਾ ਰੂਪ ਸੰਤ ਲਹੌਰ ਤੋਂ ਚਿੱਟਾਗਾਂਗ ਸ਼ਹਿਰ ਵਿੱਚ ਪਧਾਰਿਆ ਹੈ। ਹੁੰਮ ਹੁੰਮਾ ਕੇ ਲੋਕਾਂ ਨੇ ਗੁਰੂ ਸਾਹਿਬ ਦੇ ਚਰਨਾਂ ਵਲ ਆਉਣਾ ਸ਼ੁਰੂ ਕਰ ਦਿੱਤਾ। ਸਾਹਿਬ ਸਮੁੰਦਰ ਦੇ ਕਿਨਾਰੇ ਡੇਰਾ ਲਾਈ ਬੈਠੇ ਸਨ।

ਓਧਰ ਰਾਜੇ ਦੇ ਗੁਪਤਚਰਾਂ ਨੇ ਰਾਜੇ ਨੂੰ ਰਿਪੋਰਟ ਦਿੱਤੀ ਕਿ ਪੰਜਾਬ ਤੋਂ ਕੋਈ ਨਾਨਕ ਨਾਂ ਦਾ ਸੰਤ ਆਇਆ ਹੈ ਜਿਸ ਬਾਰੇ ਕੁਝ ਪਤਾ ਨਹੀ ਲਗਦਾ ਕਿ ਉਹ ਹਿੰਦੂ ਹੈ ਕਿ ਮੁਸਲਮਾਨ? ਲੋਕ ਹੁੰਮ ਹੁੰਮਾ ਕੇ ਪਹੁੰਚ ਰਹੇ ਨੇ। ਨਾਨਕ ਨੇ ਝੰਡੇ ਨਾਂ ਦਾ ਤਰਖਾਣ ਆਪਣਾ ਨੁੰਮਾਇਦਾ ਵੀ ਇਥੇ ਥਾਪ ਦਿੱਤਾ ਹੈ।

ਇਹ ਸੁਣ ਕੇ ਰਾਜੇ ਦੇ ਕੰਨ ਖੜੇ ਹੋ ਗਏ ਕਿਉਕਿ ਓਨੀ ਦਿਨੀ ਜਿਆਦਾਤਰ ਹਮਲੇ ਪੰਜਾਬ ਵਾਲੇ ਪਾਸਿਓ ਹੀ ਹੁੰਦੇ ਸਨ। ਸ਼ੱਕ ਹੋਇਆ ਕਿ ਅਫਗਾਨਿਸਤਾਨ ਤੋਂ ਕਿਸੇ ਰਾਜੇ ਨੇ ਆਪਣਾ ਜਸੂਸ ਨਾਂ ਭੇਜਿਆ ਹੋਵੇ। ਰਾਜੇ ਨੇ ਝੱਟ ਆਪਣੀ ਪੁਲਿਸ ਨੂੰ ਹੁਕਮ ਕਰ ਦਿੱਤਾ ਕਿ ਨਾਨਕ ਸੰਤ ਨੂੰ ਮੇਰੇ ਸਾਹਮਣੇ ਹਾਜਰ ਕੀਤਾ ਜਾਵੇ।

ਗੁਰੂ ਸਾਹਿਬ ਦੇ ਡੇਰੇ ਤੇ ਜਿਵੇ ਪੁਲਿਸ ਆਈ ਉਨਾਂ ਆਪਣੀ ਹੈਂਕੜਬਾਜੀ 'ਚ ਕਿਹਾ ਕਿ ਇਥੇ ਨਾਨਕ ਨਾਮ ਦਾ ਸੰਤ ਕੌਣ ਹੈ। ਸਬੱਬੀਂ ਓਥੇ ਇੰਦਰ ਸੈਨ ਵੀ ਹਾਜਰ ਸੀ। ਇੰਦਰ ਸੈਨ ਨੇ ਪੁਲਿਸ ਵਾਲਿਆਂ ਕੋਲੋ ਪੁੱਛਿਆ "ਭਈ ਕੀ ਗੱਲ ਹੈ ਬੜੇ ਰੋਅਬ ਝਾੜ ਰਹੇ ਹੋ। ਇਹ ਸੰਤਾਂ ਦਾ ਡੇਰਾ ਵਾ। " ਇੰਦਰ ਸੈਨ ਨੇ ਸਿਪਾਹੀਆਂ ਨੂੰ ਕਿਹਾ ਕਿ "ਤੁਸੀ ਜਾਓ ਮੈਂ ਆਪੇ ਗੁਰੂ ਮਹਾਰਾਜ ਨੂੰ ਲੈ ਆਵਾਂਗਾ। "

ਇੰਦਰ ਸੈਨ ਨੇ ਗੁਰੂ ਸਾਹਿਬ ਨੂੰ ਕਿਹਾ ਕਿ ਗੁਰੂ ਜੀ ਮੁਆਫ ਕਰਨਾਂ ਇਨਾਂ ਲੋਕਾਂ ਨੂੰ ਤੁਹਾਡਾ ਪਤਾ ਨਹੀ। ਮੇਰਾ ਮਾਮਾ ਮਹਾਰਾਜੇ ਦੇ ਦਰਬਾਰ ਵਿੱਚ ਉਚੇ ਅਹੁਦੇ ਤੇ ਹੈ। ਮੈਂ ਉਨੂੰ ਮਿਲ ਕੇ ਸਾਰਾ ਦੱਸ ਦਿਆਂਗਾ।

ਆਪਣੇ ਮਾਮੇ ਰਾਂਹੀ ਇੰਦਰ ਸੈਨ ਬਾਦਸ਼ਾਹ ਅਲਾਉਦੀਨ ਹੁਸੈਨ ਸ਼ਾਹ (ਉਰਫ ਸੁਧ੍ਰ ਸੈਨ)✚ ਨੂੰ ਜਾ ਮਿਲਿਆ। ਰਾਜੇ ਨੇ ਕਿਹਾ ਕਿ ਮੈਂ ਕੋਈ ਸਖਤ ਹੁਕਮ ਨਹੀ ਕੀਤਾ ਸੀ। ਮੈਂ ਸਿਰਫ ਉਸ ਮਹਾਂ ਪੁਰਖ ਨੂੰ ਮਿਲਣਾ ਚਾਹੁੰਦਾ ਸੀ। ਇੰਦਰ ਸੈਨ ਨੇ ਕਿਹਾ ਕਿ ਮਹਾਰਾਜ ਜੀ ਸਾਧੂ ਫਕੀਰਾਂ ਨੂੰ ਮਿਲਣ ਵਾਸਤੇ ਹੋਰ ਮਰਿਆਦਾ ਹੁੰਦੀ ਹੈ। ਗੁਰੂ ਨਾਨਕ ਪੂਰਨ ਸੰਤ ਨੇ। ਉਹ ਖੁਦਾ ਦਾ ਰੂਪ ਨੇ। ਓਨਾਂ ਨੂੰ ਕੋਈ ਲਾਲਚ ਨਹੀ। ਤੁਸੀ ਮਿਲੋਗੇ ਤਾਂ ਤੁਹਾਡੀ ਤਸੱਲੀ ਹੋ ਜਾਵੇਗੀ। ਕਿਸੇ ਸਾਧੂ ਸੰਤ ਨੂੰ ਮਿਲਣ ਜਾਓ ਜੇ ਕੁਝ ਹਾਸਲ ਕਰਨਾਂ ਹੋਵੇ ਤਾਂ ਦਿਲ ਵਿੱਚ ਹਲੀਮੀ ਲੈ ਕੇ ਜਾਓ।

ਅਗਲੇ ਹੀ ਦਿਨ ਬਾਦਸ਼ਾਹ ਅਲਾਉਦੀਨ ਹੁਸੈਨ ਸ਼ਾਹ ਉਰਫ ਰਾਜਾ ਸੁਧਰ ਸੈਨ ਵੱਡੀ ਹਲੀਮੀ ਸਾਹਿਤ ਗੁਰੂ ਸਾਹਿਬ ਦੇ ਡੇਰੇ ਤੇ ਤਰਾਂ ਤਰਾਂ ਦੇ ਪਕਵਾਨ ਤੇ ਮੇਵੇ ਲੈ ਕੇ ਪਹੁੰਚਿਆ। ਬਾਦਸ਼ਾਹ ਨਾਲ ਖੂਬ ਗੱਲਾਂ ਬਾਤਾਂ ਹੋਈਆਂ। ਗੁਰੂ ਸਾਹਿਬ ਨੇ ਆਪਣਾ ਪਿੱਛੋਕੜ ਵੀ ਦੱਸਿਆ ਕਿ ਕਿਵੇ ਉਹ ਦੌਲਤ ਖਾਂ ਲੋਧੀ ਕੋਲ ਕਾਰਦਾਰ ਰਹੇ ਨੇ। ਦੌਲਤ ਖਾਂ ਨੇ ਹੀ ਦਿੱਲੀ ਦੇ ਤਖਤ ਤੇ ਸੁਲਤਾਨ ਇਬਰਾਹੀਮ ਨੂੰ ਬੈਠਾਇਆ ਸੀ। ਇਹ ਰਾਜਨੀਤਕ

ਹਾਲਾਤ ਸੁਣ ਕੇ ਬਾਦਸ਼ਾਹ ਦਾ ਗੁਰੂ ਸਾਹਿਬ ਵਿੱਚ ਵੱਡਾ ਭਰੋਸਾ ਬੱਝ ਗਿਆ। ਗੱਲਾਂ ਦਿੱਲੀ ਦੇ ਸੁਲਤਾਨ ਦੇ ਪਰਜਾ ਤੇ ਕੀਤੇ ਜਾ ਰਹੇ ਜੁਲਮਾਂ ਬਾਬਤ ਵੀ ਹੋਈਆਂ। ਬਾਦਸ਼ਾਹ ਨੇ ਇਸ਼ਾਰਾ ਦਿਤਾ ਕਿ ਸਹੀ ਵਕਤ ਆਉਣ ਤੇ ਉਹ ਦਿੱਲੀ ਦਾ ਕੰਮ ਤਮਾਮ ਕਰ ਦੇਵੇਗਾ।

ਓਨੀ ਦਿਨੀ ਰਾਜਨੀਤਕ ਅਸਥਿਰਤਾ ਫੈਲੀ ਹੋਈ ਸੀ। ਬੰਗਾਲ ਨੂੰ ਸਦਾ ਦਿੱਲੀ ਤੋਂ ਹਮਲੇ ਦਾ ਖਤਰਾ ਬਣਿਆ ਹੋਇਆ ਸੀ। ਗੁਰੂ ਸਾਹਿਬ ਨੇ ਪਹਿਲਾਂ ਹੀ ਹੁਸੈਨ ਸ਼ਾਹ ਦੀ ਹਲੀਮੀ ਵੇਖ ਕੇ ਉਨ੍ਹੂੰ ਥਾਪਣਾ ਦਿੱਤੀ ਕੋਈ ਕਿੰਨਾ ਵੀ ਤਾਕਤਵਰ ਕਿਓ ਨਾਂ ਹੋਵੇ ਤੇਰੀ ਵਾਅ ਵਲ ਨਹੀ ਵੇਖ ਸਕੇਗਾ। ਇਲਾਕੇ ਦੇ ਮੁਸਲਮਾਨ ਪੀਰਾਂ ਫਕੀਰਾਂ ਵੀ ਗੁਰੂ ਸਾਹਿਬ ਦੀ ਹਾਜਰੀ ਭਰਨੀ ਸ਼ੁਰੂ ਕਰ ਦਿੱਤੀ। ਚਾਰ ਚੁਫੇਰੇ ਝੰਡੇ ਸ਼ੁਤਾਰ ਦੀ ਜੈ ਜੈ ਕਾਰ ਵੀ ਹੋਣ ਲੱਗ ਪਈ। ਰਾਜੇ ਨੇ ਜਿੱਦ ਕੀਤੀ ਤਾਂ ਗੁਰੂ ਸਾਹਿਬ ਲੱਗ ਪਗ ਇੱਕ ਮਹੀਨਾ ਚਿਟਾਗਾਂਗ ਰਹੇ ਸਨ।

ਲਗਦਾ ਹੈ ਕਿ ਮਾਘ ਦੇਸ ਭਾਵ ਰਖੀਨ ਦੇ ਦੌਰੇ ਤੇ ਜਾਣ ਵਾਸਤੇ ਸਮੁੰਦਰੀ ਬੇੜੇ ਦਾ ਇੰਤਜਾਮ ਬਾਦਸ਼ਾਹ ਨੇ ਹੀ ਕੀਤਾ ਹੋਵੇ।

ਚਿਟਾਗਾਂਗ ਵਿਖੇ ਜਿੱਥੇ ਗੁਰੂ ਸਾਹਿਬ ਨੇ ਡੇਰਾ ਲਾਇਆ ਸੀ ਉਹ ਥਾਂ ਅੱਜ ਦੇ ਰੇਲਵੇ ਸਟੇਸ਼ਨ ਦੇ ਲਾਗੇ ਹੈ। ਕਿਉਕਿ ਜਦੋਂ ਲੋਕਾਂ ਨੇ ਦੱਸਿਆ ਸੀ ਕਿ ਪਾਣੀ ਲੈਣ ਵਾਸਤੇ ਦੂਰ ਜਾਣਾ ਪੈਦਾ ਹੈ ਤਾਂ ਦਯਾ ਦੇ ਸਮੁੰਦਰ ਗੁਰੂ ਸਾਹਿਬ ਨੇ ਇਸ਼ਾਰਾ ਕਰਕੇ ਇੱਕ ਥਾਂ ਪੁੱਟਣ ਲਈ ਕਿਹਾ ਜਿਥੋਂ ਤਾਜੇ ਜਲ ਦਾ ਫੁਹਾਰਾ ਫੁੱਟ ਉਠਿਆ। ◈

ਇਸ ਥਾਂ ਤੇ 1930 ਈ ਤੱਕ ਬਕਾਇਦਾ ਨਾਨਕ ਚੋਅ ਨਾਂ ਦਾ ਗੁਰਦੁਆਰਾ ਹੁੰਦਾ ਸੀ। ਫਿਰ ਅੰਗਰੇਜੀ ਸਰਕਾਰ ਨੇ ਗੁਰਦੁਆਰਾ ਮਹੰਤ ਨੂੰ ਵਰਤਕੇ ਇਹ ਜਲ ਸਰਕਾਰੀ ਸਪਲਾਈ



ਗੁਰੂ ਸਾਹਿਬ ਨਾਲ ਸਬੰਧਤ ਗੁਰਦੁਆਰਾ ਚੋਆ ਸਾਹਿਬ ਚਿੱਟਾਗਾਂਗ ਤੇ ਤਾਂ ਸਰਕਾਰ ਨੇ ਕਬਜਾ ਕਰ ਲਿਆ ਸੀ, ਕਿਉਕਿ ਗੁਰੂ ਸਾਹਿਬ ਦੁਆਰਾ ਜਾਰੀ ਕੀਤਾ ਚਸ਼ਮਾ 1930 ਈ. ਤਕ ਵੀ ਭਰਪੂਰ ਪਾਣੀ ਦੇ ਰਿਹਾ ਸੀ ਅਤੇ ਪਾਣੀ ਸ਼ਹਿਰ ਨੂੰ ਸਪਲਾਈ ਜੁ ਕਰਨਾ ਸੀ।

ਚਿੱਟਾਗਾਂਗ ਦੇ ਚੌਕ ਬਜ਼ਾਰ ਵਿਚ ਅੱਜ ਵੀ ਇਕ ਗੁਰਦੁਆਰਾ ਸਾਹਿਬ ਨਾਂ 'ਭੰਗ ਘੋਟਨਾ' ਮੌਜੂਦ ਹੈ। ਇਸ ਬਾਬਤ ਕਿਹਾ ਜਾਂਦਾ ਹੈ ਕਿ ਸਿੱਖੀ ਦੀ ਕਰਾਮਾਤ ਤੋਂ ਪ੍ਰਭਾਵਤ ਹੋ ਕੇ ਇਕ ਨਵਾਬ ਨੇ ਗੁਰਦੁਆਰਾ ਸਾਹਿਬ ਆਪ ਬਣਵਾਇਆ ਸੀ। ਸਾਡਾ ਅੰਦਾਜ਼ਾ ਹੈ ਕਿ ਇਹ ਵੀ ਸਿੱਖ ਰਾਜ ਦੀ ਸਥਾਪਣਾ ਵੇਲੇ ਹੀ ਬਣਿਆ ਹੋਵੇਗਾ। ਸੰਘਣੀ ਅਬਾਦੀ ਵਾਲੇ ਥਾਂ ਤੇ ਹੋਣ ਦੇ ਬਾਵਜੂਦ ਇਸ ਦੇ ਨਾਂ ਤੇ ਚੋਖੀ ਜਮੀਨ ਹੈ। (ਤਸਵੀਰ - ਡਾ.ਪਰਮਵੀਰ ਸਿੰਘ)

ਪੈੜ ਸਫਾ

ਨਕਸ਼ਿਆਂ ਦੀ ਅਣਹੋਂਦ ਦੇ ਬਾਵਜੂਦ ਜਨਮਸਾਖੀਆਂ ਚਿਟਾਗਾਂਗ ਬਾਬਤ ਇਸ਼ਾਰਾ ਦੇ ਦਿਤਾ ਕਿ ਇਹ ਬਿਸੀਅਰ ਦੇਸ (ਨਾਗਿਆਂ ਦੇ ਦੇਸ) ਵਿੱਚ ਹੈ। ਗੱਲ ਹੈ ਵੀ ਸਹੀ। ਭਾਵ ਬਰਮਾ ਦਾ ਗਵਾਂਢ।

ਬਿਸੀਅਰ ਨਾਗ- ਬਹੁਤਾ ਜ਼ਹਿਰੀਲਾ ਸੱਪ। ਨਾਗੇ ਵੀ ਆਪਣੇ ਆਪ ਨੂੰ ਨਾਗ (ਸੱਪ) ਅਖਣਾ ਕੇ ਫਖਰ ਮਹਿਸੂਸ ਕਰਦੇ ਹਨ। ਨਾਗਾਲੈਂਡ ਲਈ ਕਿਢਾ ਸੋਹਣਾ ਨਾਂ ਵਰਤਿਆ ਹੈ ਬਿਸੀਅਰ ਦੇਸ।

ਕੋਹਲੀ ਵਲੋਂ ਬਿਸੀਅਰ ਨੂੰ ਬੁਸ਼ਹਿਰ ਕਹਿਣਾ ਗਲਤ ਹੈ ਕਿਉਕਿ ਸਾਫ ਲਿਖਿਆ ਹੈ ਕਿ ਸਮੁੰਦਰ ਦੇ ਕੰਢੇ ਹੈ ਜਦੋਂ ਕਿ ਬੁਸ਼ਹਿਰ ਸ਼ਿਮਲੇ ਤੋਂ 155 ਕਿਲੋਮੀਟਰ ਪਹਾੜੀ ਉਤਰ-ਪੂਰਬ ਇਲਾਕੇ ਵਿੱਚ ਹੈ।

ਬਾਲੇ ਵਾਲੀ ਜਨਮ ਸਾਖੀ ਵਿੱਚ ਇੱਕ ਵਾਰੀ ਨਹੀ, ਦੋ ਵਾਰੀ ਲਿਖਿਆ ਹੈ ਕਿ "ਭਾਈ ਝੰਡਾ ਅਸੀ ਪੰਧਰਾਂ ਸੌ ਕੋਹਾਂ ਤੇ ਆਏ ਹਾਂ। " ਬੁਸ਼ਹਿਰ ਤਾਂ 150 ਕੋਹ ਵੀ ਨਹੀ ਬਣਦਾ।

ਬੰਗਾਲ/ਅਸਾਮ ਦੇ ਇਲਾਕੇ ਦੀਆਂ ਦੋ ਤਿੰਨ ਗੱਲਾਂ ਹੀ ਤਾਂ ਮਸ਼ਹੂਰ ਹੋਇਆ ਕਰਦੀਆਂ ਸਨ। 1. ਮਖਮਲ, 2. ਜਾਦੂ ਤੇ 3.ਸਪੇਰੇ।

ਚਿਟਾਗਾਂਗ ਨੂੰ ਬੰਗਲਾ ਵਿੱਚ ਚਿਟਾਂਗ ਹੀ ਕਹਿੰਦੇ ਹਨ ਜੋ ਕਿ ਚਿਟਾਗਾਓ ਤੋਂ ਵਿਗੜਿਆ ਰੂਪ ਹੈ। ਪੁਰਾਤਨ ਜਨਮ ਸਾਖੀ ਵਿੱਚ ਨਗਰ ਦਾ ਨਾਂ ਛੁਟਘਾਟਕਾ ਲਿਖਿਆ ਹੈ। ਨਾਲ ਸਾਫ ਸਾਫ 'ਨਗਰ' ਲਫਜ਼ ਹੈ ਕਿ ਕਿਸੇ ਸ਼ਹਿਰ ਦੀ ਗੱਲ ਹੈ।

ਕਈ ਲਿਖਾਰੀ ਝੰਡੇ ਬਾਡੀ ਵਾਲੀ ਸਾਖੀ ਨੂੰ ਮੀਆਂਮਾਰ (ਬਰਮਾ) ਦੇ ਤਨਾਸਿਰਮ ਟਾਪੂ (ਤੱਨੀਂਥਰਾਈ ) ਨਾਲ ਜੋੜਦੇ ਹਨ। ਜਨਮ ਸਾਖੀ 'ਚ ਸਾਫ ਸਾਫ ਲਿਖਿਆ ਹੈ ਕਿ ਇਹ ਸ਼ਹਿਰ ਹੈ। ਓਨੀ ਦਿਨੀ ਚਿਟਾਗਾਂਗ ਹੀ ਸੋਨਾਰਗਾਓ ਤੋਂ ਬਾਦ ਵੱਡਾ ਸ਼ਹਿਰ ਸੀ। ਤਨਾਸਿਰਮ ਵਿੱਚ ਵੱਡੇ ਸ਼ਹਿਰ ਦਾ ਹੋਣਾ ਉਨੀ ਦਿਨੀ ਸੰਭਵ ਨਹੀ ਸੀ। ਅੱਜ ਜੋ ਤੱਨੀਂਥਰਾਈ ਸ਼ਹਿਰ ਮੌਜੂਦ ਹੈ ਉਹ ਓਦੋਂ ਮਸਾਂ ਹੈ ਕਿ ਕੋਈ ਪਿੰਡ ਹੋਵੇ। ਫਿਰ ਓਥੇ ਹਿੰਦੁਸਤਾਨੀ ਮੂਲ ਦੇ ਲੋਕ ਵੀ ਨਹੀ ਹਨ। ਜਿਆਦਾ ਬਰਮੀ ਤੇ ਥਾਈ ਹੀ ਹਨ। ਜਨਮ ਸਾਖੀ 'ਚ ਲਿਖਿਆ ਹੈ ਕਿ ਲੋਕਾਂ ਨੇ ਪੰਜਾਬ ਦਾ ਨਾਂ ਸੁਣਿਐ ਹੋਇਆ ਹੈ। ਓਨੀ ਦਿਨੀ ਜੰਗਲਾਂ ਵਿੱਚ ਰਹਿ ਰਹੇ ਬਰਮੀ ਲੋਕਾਂ ਨੂੰ ਪੰਜਾਬ ਦੀ ਕੀ ਸੰਨਾਸ।

ਸਾਖੀ ਵਿੱਚ ਕਿਤੇ ਵੀ ਇਸ਼ਾਰਾ ਨਹੀ ਮਿਲਦਾ ਕਿ ਇਥੋਂ ਦੀ ਸਭਿਅਤਾ ਵੱਖਰੀ ਹੈ।

ਸੋ ਝੰਡਾ ਤਰਖਾਣ ਚਿਟਾਗਾਂਗ ਦੀ ਹੀ ਸੀ।

● (ਇਸ ਗਲ ਤੋਂ ਇਹ ਲਗਦਾ ਹੈ ਕਿ ਤੋਂ ਪਹਿਲਾਂ ਗੁਰੂ ਸਾਹਿਬ ਦਾ ਮੇਲ ਬਾਦਸ਼ਾਹ ਅਲਾਉਦੀਨ ਹੁਸੈਨ ਸ਼ਾਹ ਨਾਲ ਗੌੜ ਮਾਲਦਾ ਵਿਖੇ ਨਹੀ ਹੋ ਸਕਿਆ ਸੀ।

-----

ਕਈ ਲਿਖਾਰੀਆ ਨੇ ਗੁਰੂ ਸਾਹਿਬ ਦਾ ਅਗਰਤਲਾ ਤੋਂ 55 ਕਿਲੋਮੀਟਰ ਦੂਰ ਉਦੇਪੁਰ ਦੀ ਪਹਾੜੀ ਤੇ ਮੌਜੂਦ ਤਿਰੀਪੁਰਾ ਸ਼ਕਤੀ ਪੀਠ ਜਾਣਾ ਵੀ ਲਿਖਿਆ ਹੈ। ਪਰ ਇਤਹਾਸ ਨੂੰ ਘੋਖਣ ਤੋਂ ਪਤਾ ਲੱਗਦਾ ਹੈ ਕਿ ਮੰਦਰ ਤਾਂ 1501 ਈ. ਵਿੱਚ ਮਹਾਰਾਜਾ ਦਾਨਿਆ ਮਨੀਕਿਆ ਨੇ ਬਣਾਇਆ ਸੀ। ਉਸ ਤੋਂ ਪਹਿਲਾਂ ਮੰਦਰ ਦੀ ਕੋਈ ਹੋਂਦ ਨਹੀ ਸੀ।

✚ ਜਨਮ ਸਾਖੀ ਦੇ ਲਿਖਾਰਿਆ ਨੇ ਜਿਹੜਾ ਰਾਜੇ ਦਾ ਨਾਂ ਸੁਧਰ ਸੈਨ ਦਿਤਾ ਹੈ ਇਹ ਇਤਹਾਸਿਕ ਤੌਰ ਤੇ ਦਰੁੱਸਤ ਨਹੀ। ਦਰ ਅਸਲ ਕਿਸੇ ਵੇਲੇ ਚਿੱਟਾਗਾਂਗ ਵਿਖੇ ਸੈਨ ਖਾਨਦਾਨ ਦੀ ਵੀ ਹਕੂਮਤ ਸੀ। ਸੈਨ ਖਾਨਦਾਨ ਤਾਂ ਗੁਰੂ ਸਾਹਿਬ ਦੀ ਆਮਦ ਤੋਂ ਚਿਰੋਕਣਾ ਪਹਿਲਾਂ ਗੱਦੀਓ ਲਹਿ ਚੁੱਕਾ ਸੀ। ਇਹ ਤਾਂ ਪੱਕਾ ਹੈ ਕਿ ਇਹ ਸੁਧ੍ਰਸੈਨ ਬਾਦਸ਼ਾਹ ਅਲਾਉਦੀਨ ਹੁਸੈਨ ਸ਼ਾਹ ਦਾ ਜਾਂ ਤਾਂ ਵਿਸ਼ਵਾਸ਼ ਪਾਤ੍ਰ ਜਾਂ ਇਹ ਖ਼ੁੱਦ ਬਾਦਸ਼ਾਹ ਅਲਾਉਦੀਨ ਹੁਸੈਨ ਸ਼ਾਹ ਹੋਵੇ। ਹੋ ਸਕਦੈ ਗੁਰੂ ਸਾਹਿਬ ਦਾ ਮੇਲ ਗੌੜ (ਮਾਲਦਾ) ਵਿਖੇ ਨਾਂ ਹੋ ਸਕਿਆ ਹੋਵੇ ਤੇ ਬਾਦ ਵਿਚ ਪਤਾ ਲੱਗਾ ਹੋਵੇ ਕਿ ਬਾਦਸ਼ਾਹ ਚਿੱਟਾਗਾਂਗ ਆਇਆ ਹੋਇਆ ਹੈ ਜਿਸ ਕਰਕੇ ਗੁਰੂ ਸਾਹਿਬ ਚਿਟਾਗਾਂਗ ਪਧਾਰੇ ਅਤੇ ਬਾਦਸ਼ਾਹ ਨਾਲ ਹੀ ਸਿੱਧਾ ਮੇਲ ਹੋ ਗਿਆ। ਸੋ ਸੁਧ੍ਰ ਸੈਨ ਭਾਵੇ ਕੋਈ ਮੁਤਾਹਿਤ ਰਾਜਾ ਸੀ ਜਾਂ ਜਗੀਰਦਾਰ ਜਾਂ ਮਹਾਪੌਰ ਆਪਾਂ ਇਥੇ ਮੰਨ ਲੈਂਨੇ ਕਿ ਇਹ ਖੁਦ ਬਾਦਸ਼ਾਹ ਅਲਾਉਦੀਨ ਹੁਸੈਨ ਸ਼ਾਹ ਹੀ ਸੀ। ਕਿਉਕਿ ਜਦੋਂ ਸੁਧਰ ਸੈਨ ਦਾ ਨਾਂ ਆਉਣਾ ਤਾਂ ਮਤਲਬ ਬਾਦਸ਼ਾਹ ਤੋਂ ਹੀ ਹੈ।

◈ਸਾਈਕਲ ਯਾਤਰੀ-125

ਲਈ ਵਰਤਣਾ ਸ਼ੁਰੂ ਕਰ ਦਿੱਤਾ ਸੀ। ਸਿੱਖੀ ਨਿਸ਼ਾਨ ਮਿੱਟ ਗਇਆ।

ਚਿਟਾਗਾਂਗ ਤੋਂ 30 ਕਿ. ਮੀ ਪਹਾੜ ਪਾਸੇ ਸੀਤਾਕੁੰਡ ਨਾਮੀ ਜਗਾ ਤੇ ਵੀ ਗੁਰੂ ਸਾਹਿਬ ਠਹਿਰੇ ਸਨ। ਜਿੱਥੇ ਉਨਾਂ ਦੇ ਚਰਨਾਂ ਦੇ ਨਿਸ਼ਾਨ 1930 ਤੱਕ ਮੌਜੂਦ ਸਨ। ◈

----◈-----

**ਇਸ ਤੋਂ ਬਾਦ ਗੁਰੂ ਸਾਹਿਬ ਮਾਘ ਦੇਸ ਤੇ ਬਰਮਾ ਵਲ ਜਾਂਦੇ ਹਨ** (ਵੇਖੋ ਅਗਲਾ ਅਧਿਆਇ ਸਫਾ 167) ਤੇ ਕੁਝ ਸਮੇਂ ਬਾਦ ਵਾਪਸ ਚਿੱਟਾਗਾਂਗ ਪਰਤ ਆਉਦੇ ਹਨ। (1511 ਈ.)। ਚਿੱਟਾਗਾਂਗ ਤੋਂ ਫਿਰ ਸਮੁੰਦਰ ਰਸਤੇ ਜਗਨ ਨਾਥ ਪੁਰੀ ਵਲ ਨੂੰ ਰਵਾਨਾ ਹੁੰਦੇ ਹਨ ਪਰ ਰਸਤੇ ਵਿਚ ਬੰਗਾਲ ਦੇ ਕੁਝ ਹੋਰ ਪ੍ਰਸਿੱਧ ਸਥਾਨ ਵੇਖਦੇ ਹਨ।

----◈-----

## ਕਲਕੱਤੇ ਵਿਚ ਦੁੱਖੀ ਲੋਕਾਈ ਦਾ ਰੋਗ ਦੂਰ ਕੀਤਾ○

ਅੰਦਾਜ਼ਾ ਹੈ ਕਿ ਜਦੋਂ ਗੁਰੂ ਸਾਹਿਬ ਚਿੱਟਾਗਾਂਗ ਪਰਤ ਕੇ ਜਗਨਨਾਥਪੁਰੀ ਨੂੰ ਰਵਾਨਾ ਹੋਵੇ ਤਾਂ ਹੋ ਸਕਦਾ ਕਲਕੱਤੇ ਅਤੇ ਮੇਦਿਨੀ ਪੁਰ ਇਸ ਰੂਟ ਥਾਂਣੀ ਗਏ ਹੋਣ।

ਅੱਜ ਕਲਕੱਤਾ ਵਿਖੇ ਗੁਰਦੁਆਰਾ ਬੜਾ ਸੰਗਤ ਗੁਰੂ ਸਾਹਿਬ ਦੀ ਆਮਦ ਦੀ ਯਾਦ ਦਿਵਾਉਦਾ ਹੈ। ਇਥੇ ਭੱਦ ਸਿੰਘ ਨਾਂ ਦਾ ਕੋਈ ਪੰਜਾਬੀ ਖੱਤਰੀ ਅਹਿਲਕਾਰ ਰਹਿੰਦਾ ਸੀ। ਗੁਰੂ ਸਾਹਿਬ ਦੀ ਆਮਦ ਵੇਲੇ ਉਹ ਸਖਤ ਬੀਮਾਰ ਸੀ ਅਤੇ ਵੈਦਾਂ ਹਕੀਮਾਂ ਉਨੂੰ ਜਵਾਬ ਦੇ ਦਿੱਤਾ ਹੋਇਆ ਸੀ। ਸ਼ਹਿਰ ਵਿਚ ਉਸ ਵੇਲੇ ਕੋਈ ਮਹਾਂਮਾਰੀ ਫੈਲੀ ਹੋਈ ਸੀ। ਭੱਦ ਸਿੰਘ ਦੇ ਦੀਵਾਨ ਸੁਖਪਾਲ ਨੂੰ ਜਦੋਂ ਪਤਾ ਲਗਾ ਕਿ ਗੁਰੂ ਸਾਹਿਬ ਇਥੇ ਪਧਾਰੇ ਹੋਏ ਨੇ ਤਾਂ ਉਹ ਦੌੜਾ ਦੌੜਾ ਗਇਆ ਤੇ ਜਾ ਕੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਇਲਾਕੇ ਦੇ ਲੋਕਾਂ ਤੇ ਤਰਸ ਕਰਕੇ ਇਨਾਂ ਦਾ ਰੋਗ ਦੂਰ ਕਰੋ ਅਤੇ ਰਾਜਾ ਭੱਦ ਸਿੰਘ ਨੂੰ ਵੀ ਬਚਾ ਲਓ।✚ ਕਿਹਾ ਜਾਂਦਾ ਹੈ ਕਿ ਸਾਹਿਬ ਨੇ ਨਾਮ ਦੇ ਆਸਰੇ ਦੁੱਖੀ ਲੋਕਾਈ ਦਾ ਦੁੱਖ ਦੂਰ ਕੀਤਾ। ਇਸ ਥਾਂ ਹੀ ਗੁਰੂ ਸਾਹਿਬ ਨੇ ਸ਼ਬਦ ਉਚਾਰਿਆ:-

**ਬਸੰਤੁ ਮਹਲਾ ੧ ॥ ਚੰਚਲੁ ਚੀਤੁ ਨ ਪਾਵੈ ਪਾਰਾ ॥ ਆਵਤ ਜਾਤ ਨ ਲਾਗੈ ਬਾਰਾ ॥ ਦੂਖੁ ਘਣੋ ਮਰੀਐ ਕਰਤਾਰਾ ॥ ਬਿਨੁ ਪ੍ਰੀਤਮ ਕੋ ਕਰੈ ਨ ਸਾਰਾ ॥੧॥ ਸਭ ਊਤਮ ਕਿਸੁ ਆਖਉ ਹੀਨਾ ॥ ਹਰਿ ਭਗਤੀ ਸਚਿ ਨਾਮਿ ਪਤੀਨਾ ॥੧॥ ਰਹਾਉ ॥ ਅਉਖਧ ਕਰਿ ਥਾਕੀ ਬਹੁਤੇਰੇ ॥ ਕਿਉ ਦੁਖੁ ਚੂਕੈ ਬਿਨੁ ਗੁਰ ਮੇਰੇ ॥ ਬਿਨੁ ਹਰਿ ਭਗਤੀ ਦੂਖ ਘਣੇਰੇ ॥ ਦੂਖ ਸੂਖ ਦਾਤੇ ਠਾਕੁਰ ਮੇਰੇ ॥੨॥ ਰੋਗੁ ਵਡੋ ਕਿਉ ਬਾਂਧਉ ਧੀਰਾ ॥ ਰੋਗੁ ਬੁਝੈ ਸੋ ਕਾਟੈ ਪੀਰਾ ॥ ਮੈ ਅਵਗਣ ਮਨ ਮਾਹਿ ਸਰੀਰਾ ॥ ਢੂਢਤ ਖੋਜਤ ਗੁਰਿ ਮੇਲੇ ਬੀਰਾ ॥੩॥ ਗੁਰ ਕਾ ਸਬਦੁ ਦਾਰੂ ਹਰਿ ਨਾਉ ॥ ਜਿਉ ਤੂ ਰਾਖਹਿ ਤਿਵੈ ਰਹਾਉ ॥ ਜਗੁ ਰੋਗੀ ਕਹ ਦੇਖਿ ਦਿਖਾਉ ॥ ਹਰਿ ਨਿਰਮਾਇਲੁ ਨਿਰਮਲੁ ਨਾਉ ॥੪॥ ਘਰ ਮਹਿ ਘਰੁ ਜੋ ਦੇਖਿ ਦਿਖਾਵੈ ॥ ਗੁਰ ਮਹਲੀ ਸੋ ਮਹਲਿ ਬੁਲਾਵੈ ॥ ਮਨ ਮਹਿ ਮਨੂਆ ਚਿਤ ਮਹਿ ਚੀਤਾ ॥ ਐਸੇ ਹਰਿ ਕੇ ਲੋਗ ਅਤੀਤਾ ॥੫॥ ਹਰਖ ਸੋਗ ਤੇ ਰਹਹਿ ਨਿਰਾਸਾ ॥ ਅੰਮ੍ਰਿਤੁ ਚਾਖਿ ਹਰਿ ਨਾਮਿ ਨਿਵਾਸਾ ॥ ਆਪੁ ਪਛਾਣਿ ਰਹੈ ਲਿਵ ਲਾਗਾ ॥ ਜਨਮੁ ਜੀਤਿ ਗੁਰਮਤਿ ਦੁਖੁ ਭਾਗਾ ॥੬॥ ਗੁਰਿ ਦੀਆ ਸਚੁ ਅੰਮ੍ਰਿਤੁ ਪੀਵਉ ॥ ਸਹਜਿ ਮਰਉ ਜੀਵਤ ਹੀ ਜੀਵਉ ॥ ਅਪਣੋ ਕਰਿ ਰਾਖਹੁ ਗੁਰ ਭਾਵੈ ॥ ਤੁਮਰੋ ਹੋਇ**



ਜਿਥੇ ਗੁਰੂ ਸਾਹਿਬ ਨੇ ਭੱਦ ਸਿੰਘ ਰਾਜੇ ਦਾ ਰੋਗ ਦੂਰ ਕੀਤਾ :ਗੁਰਦੁਆਰਾ ਬੜਾ ਸੰਗਤ, ਕਲਕੱਤਾ

**ਸੁ ਤੁਝਹਿ ਸਮਾਵੈ ॥੭॥ ਭੋਗੀ ਕਉ ਦੁਖੁ ਰੋਗ ਵਿਆਪੈ ॥ ਘਟਿ ਘਟਿ ਰਵਿ ਰਹਿਆ ਪ੍ਰਭੁ ਜਾਪੈ ॥ ਸੁਖ ਦੁਖ ਹੀ ਤੇ ਗੁਰ ਸਬਦਿ ਅਤੀਤਾ ॥ ਨਾਨਕ ਰਾਮੁ ਰਵੈ ਹਿਤ ਚੀਤਾ ॥੮॥੪॥**

ਇਥੋਂ ਦੀ ਪ੍ਰੰਪਰਾ ਅਨੁਸਾਰ ਗੁਰੂ ਸਾਹਿਬ ਇਥੇ 12 ਦਿਨ ਰਹੇ ਸਨ। ਕਲਕੱਤੇ ਤੋਂ ਸਾਹਿਬ ਮੇਦਿਨੀਪੁਰ ਰਿਆਸਤ ਨੂੰ ਚਲੇ ਗਏ।

----◈-----

## ਜਦੋਂ ਚੰਦਰਕੋਨਾ (ਮੇਦਨੀਪੁਰ) ਦੀ ਰਾਜਕੁਮਾਰੀ ਬਣ ਗਈ ਰਾਜਕੁਮਾਰ ●

ਗੁਰੂ ਸਾਹਿਬ ਦੇ ਵੇਲੇ ਮੇਦਨੀਪੁਰ (ਇਸ ਨੂੰ ਅੱਜ ਕਲ੍ਹ ਮਿਦਨਾਪੁਰ ਲਿਖਦੇ ਹਨ) ਉੜੀਸਾ ਰਾਜ ਦਾ ਹਿੱਸਾ ਸੀ। ਏਥੇ ਨੇੜੇ ਹੀ ਕਸਬਾ ਚੰਦਰਕੋਨਾ ਹੈ। ਇਥੇ ਓਹਨੀ ਦਿਨੀ ਚੰਦਰ ਕੇਤੂ ਨਾਂ ਦੇ ਬਾਜਗੁਜਾਰ ਰਾਜੇ ਦਾ ਰਾਜ ਸੀ। ਗੁਰੂ ਸਾਹਿਬ ਦੀ ਇਸ ਸ਼ਹਿਰ ਵਿਚ ਆਮਦ ਤੇ ਬਹੁਤ ਆਓ ਭਗਤ ਹੋਈ। ਕਿਉਕਿ ਸਾਹਿਬ ਦੀ ਸੋਭਾ ਬਿਹਾਰ ਬੰਗਾਲ ਸਭ ਜਗ੍ਹਾ ਫੈਲ ਚੁੱਕੀ ਸੀ।

ਪੈੜ ਸਫਾ

○ ਜਿਹੜੇ ਕਹਿੰਦੇ ਨੇ ਕਿ ਗੁਰੂ ਸਾਹਿਬ ਦੇ ਵੇਲਿਆਂ ਵਿਚ ਕੱਲਕੱਤਾ ਤਾਂ ਅਜੇ ਜੰਮਿਆਂ ਵੀ ਨਹੀ ਸੀ ਉਨਾਂ ਨੂੰ ਨੋਟ ਕਰਨਾਂ ਚਾਹੀਦਾ ਹੈ ਕਿ ਅਕਬਰ ਬਾਦਸ਼ਾਹ ਦੇ ਵੇਲਿਆ ਦੇ ਮਾਮਲਾ ਦਸਤਾਵੇਜਾਂ ਵਿਚ ਕੋਲਕਤਾ ਦਾ ਜਿਕਰ ਆਉਦਾ ਹੈ। ਫਿਰ 15 ਵੀ ਸਦੀ ਦੇ ਬੰਗਲਾ ਕਵੀ ਬਿਪਰਦਾਸ ਪਿਪਲਾਈ ਦੀ ਕਵਿਤਾ ਵਿਚ ਵੀ ਸ਼ਹਿਰ ਦਾ ਜਿਕਰ ਹੈ। ਹੋ ਸਕਦਾ ਹੈ ਕਿ ਹੁਗਲੀ ਨਦੀ ਦੇ ਕੰਢੇ ਹੋਣ ਕਰਕੇ ਇਹਦੀ ਅਹਿਮੀਅਤ ਹੋਵੇ। ਓਦੋ ਹੁਗਲੀ ਵਿਚ ਬਕਾਇਦਾ ਜਹਾਜਰਾਨੀ ਹੁੰਦੀ ਸੀ।

◈ ਸਾਈਕਲ ਯਾਤਰੀ

✚ਕਲਕੱਤਾ ਸਥਿਤ ਗੁਰਦੁਆਰੇ -ਭਾਈ ਦਲੀਪ ਸਿੰਘ ਅਤੇ ਸਾਈਕਲ ਯਾਤਰੀ-120



ਚੰਦਰਕੋਨਾ ਦਾ ਇਤਿਹਾਸਿਕ ਅਸਥਾਨ। ਇਹ ਉਦਾਸੀ ਸਾਧੂਆਂ ਦੀ ਬਦੌਲਤ ਬਚਿਆ ਰਿਹਾ ਹੈ। ਹੇਠਾਂ ਉਦਾਸੀ ਸਾਧੂਆਂ ਦੀਆ ਸਮਾਧਾਂ ਅਤੇ ਬੋਲ ਦਾ ਪੁਰਾਣਾ ਰੁੱਖ ਜਿਸ ਥੱਲੇ ਗੁਰੂ ਸਾਹਿਬ ਬਿਰਾਜੇ ਸਨ।

ਜਦੋਂ ਕੁਝ ਦਿਨ ਇਥੇ ਰਹੇ ਤਾਂ ਇਕ ਦਿਨ ਸ਼ਹਿਰ ਦੀ ਰਾਣੀ ਚੁੱਪ ਚੁਪੀਤੀ ਆਪਣੀ ਵਿਸ਼ਵਾਸ਼ ਪਾਤਰ ਗੋਲੀ ਨਾਲ ਗੁਰੂ ਸਾਹਿਬ ਦੇ ਚਰਨਾਂ ਵਿਚ ਆ ਕੇ ਗਿੜਗਿੜਾਈ ਕਿ ਬਾਬਾ ਜੀ ਮੇਰੀ ਇੱਜਤ ਰੱਖ ਲਓ। ਰਾਣੀ ਨੇ ਕਹਾਣੀ ਦੱਸੀ ਕਿ:

"ਦੋ ਸਾਲ ਪਹਿਲਾਂ ਜਦੋਂ ਮੈਂ ਗਰਭਵਤੀ ਸੀ ਤਾਂ ਪੰਡਤਾਂ ਨੇ ਭਵਿਖਵਾਣੀ ਕੀਤੀ ਸੀ ਕਿ ਮੇਰੇ ਘਰ ਪੁੱਤਰ ਜਨਮ ਲਵੇਗਾ। ਰਾਜਾ ਨੇ ਇਹ ਸੁਣ ਕੇ ਜਨਮ ਤੋਂ ਪਹਿਲਾਂ ਹੀ ਬਹੁਤ ਖੁਸ਼ੀਆਂ ਮਨਾਈਆਂ।

ਪਰ ਜਦੋਂ ਜਨਮ ਹੋਇਆ ਤਾਂ ਮੇਰੇ ਘਰ ਪੁੱਤਰ ਨਹੀ, ਧੀ ਆਈ। ਰਾਜਾ ਕਿਤੇ ਦੂਰ ਨੇੜੇ ਮੁਹਿੰਮ ਤੇ ਗਇਆ ਹੋਇਆ ਸੀ। ਉਸ ਬ੍ਰਾਹਮਣ ਨੂੰ ਜਿਵੇ ਪਤਾ ਲੱਗਾ ਤਾਂ ਉਹ ਮੇਰੇ ਤਕ ਆਇਆ ਅਤੇ ਕਹਿਣ ਲੱਗਾ ਕਿ "ਤੂੰ ਰਾਜਾ ਨੂੰ ਝੂਠ ਬੋਲ ਦੇ ਕਿ ਮੁੰਡਾ ਹੋਇਆ



ਗੁਰੂ ਸਾਹਿਬ ਦੀ ਚਰਨ ਛੋਅ ਪ੍ਰਾਪਤ ਕਰਕੇ ਰਾਜਾ ਚੰਦਰਕੇਤੂ ਤਾਂ ਅਮਰ ਹੋ ਗਇਆ ਹੈ। ਛੋਟੇ ਜਿਹੇ ਰਾਜੇ ਨੇ ਹੋਰ ਵੀ ਧਾਰਮਿਕ ਅਸਥਾਨ ਬਣਵਾਏ। ਉਸੇ ਦਾ ਬਣਵਾਇਆ ਇਹ ਮਾਲੇਸ਼ਵਰ ਮੰਦਰ ਅੱਜ ਵੀ ਚੰਦਰਕੋਨਾ ਵਿਖੇ ਮੌਜੂਦ ਹੈ।

ਹੈ। ਬ੍ਰਾਹਮਣ ਨੇ ਮੈਨੂੰ ਡਰ ਪਾ ਦਿਤਾ ਕਿ ਜੇ ਰਾਜਾ ਨੂੰ ਪਤਾ ਲੱਗਾ ਕਿ ਕੁੜੀ ਹੋਈ ਤਾਂ ਉਹ ਤੈਨੂੰ ਛੱਡ ਦੇਵੇਗਾ ਅਤੇ ਮਹੱਲਾਂ ਤੋਂ ਬਾਹਰ ਕੱਢ ਦੇਵੇਗਾ।"

"ਇਸ ਡਰ ਕਰਕੇ ਮੈ ਝੂਠ ਬੋਲਿਆ ਅਤੇ ਰਾਜਾ ਨੂੰ ਇਹੋ ਕਿਹਾ ਕਿ ਪੁੱਤਰ ਜਨਮਿਆ ਹੈ ਅਤੇ ਅੱਜ ਦੋ ਸਾਲ ਤੋਂ ਕੁੜੀ ਨੂੰ ਮੁੰਡੇ ਦੀ ਤਰਾਂ ਹੀ ਪਾਲ ਰਹੀ ਹਾਂ। ਕਿਸੇ ਨੂੰ ਪਤਾ ਨਹੀ ਲੱਗਣ ਦਿਤਾ। ਪਰ ਮੈਂ ਅੰਦਰੋ ਅੰਦਰ ਖੁਰਦੀ ਜਾ ਰਹੀ ਹਾਂ। ਇਸ ਝੂਠ ਨੇ ਮੈਨੂੰ ਖਾ ਲਿਆ ਹੈ। ਬਾਬਾ ਜੀ ਮੇਰੀ ਇੱਜਤ ਰੱਖੋ। ਦੱਸੋ ਮੈਂ ਕੀ ਕਰਾਂ? ਕੀ ਮੈਨੂੰ ਮਰ ਜਾਣਾ ਚਾਹੀਦਾ ਹੈ?"

ਗੁਰੂ ਸਾਹਿਬ ਨੇ ਰਾਣੀ ਨੂੰ ਕਿਹਾ ਕਿ ਉਸ ਰਾਜਕੁਮਾਰੀ ਨੂੰ ਪੇਸ਼ ਕਰੋ। ਰਾਜਕੁਮਾਰੀ ਨੂੰ ਲਿਆਦਾ ਗਇਆ। ਗੁਰੂ ਸਾਹਿਬ ਨੇ ਓਦੋਂ ਇਸ਼ਨਾਨ ਕੀਤਾ ਅਤੇ ਰਹਿੰਦਾ ਪਾਣੀ ਮਰਦਾਨੇ ਨੇ ਉਸ ਰਾਜ ਕੁਮਾਰੀ ਉੱਤੇ ਛਿੜਕ ਦਿਤਾ। ਗੁਰੂ ਸਾਹਿਬ ਨੇ ਰਾਣੀ ਨੂੰ ਛੁੱਟੀ ਬਖਸ਼ੀ ਤੇ ਕਿਹਾ ਕਿ ਤੁਸੀ ਹੁਣ ਆਪਣੇ ਮਹਿਲਾਂ ਵਿਚ ਜਾਓ। ਰਾਣੀ ਨੇ ਤੁਰੰਤ ਮਹਿਲਾਂ ਵਿਚ ਜਾ, ਰਾਜਕੁਮਾਰੀ ਦੇ ਕਪੜੇ ਬਦਲਣ ਬਹਾਨੇ ਜਦੋਂ ਤੱਕਿਆ ਤਾਂ ਉਹ ਲੜਕੀ ਨਹੀ, ਸਚਮੁੱਚ ਲੜਕਾ ਹੀ ਸੀ। ਰਾਣੀ ਨੇ ਖੁਸ਼ੀ ਵਿਚ ਦੁਹਾਈ ਦੇ ਦਿੱਤੀ।

ਖਬਰ ਚੁਫੇਰੇ ਜੰਗਲ ਦੀ ਅੱਗ ਦੀ ਤਰਾਂ ਫੈਲ ਗਈ। ਕਿਉਕਿ ਨੌਕਰਾਣੀਆਂ ਨੂੰ ਤਾਂ ਪਹਿਲਾਂ ਹੀ ਪਤਾ ਸੀ। ਰਾਣੀ ਨੇ ਦੁਹਾਈ ਦੇ ਦਿੱਤੀ। ਗਲ ਰਾਜੇ ਤਕ ਵੀ ਪਹੁੰਚ ਗਈ। ਹਰ ਕੋਈ ਲੱਗਾ ਸਤਿਨਾਮ ਵਾਹਿਗੁਰੂ ਜੱਪਣ।

ਜਿਥੇ ਜਿਥੇ ਗੁਰੂ ਸਾਹਿਬ ਓਥੇ ਯਾਦਗਾਰਾਂ ਬਣੀਆਂ ਸਨ। ਪਰ ਵਕਤ ਪਾ ਕੇ ਮਿੱਟ ਗਈਆਂ ਪਰ ਇਥੇ ਚੰਦਰਕੋਨਾ ਵਿਖੇ ਅੱਜ ਵੀ ਗੁਰੂ ਸਾਹਿਬ ਦੀ ਪੁਰਾਤਨ ਯਾਦਗਾਰ ਦੇ ਤੌਰ ਤੇ ਗੁਰਦੁਆਰਾ ਸਾਹਿਬ ਮੌਜੂਦ ਹੈ। ਕਾਰਨ ਇਹ ਕਿ ਲਾਗੇ ਹੀ 62 ਕਿ. ਮੀ. ਦੀ ਦੂਰੀ ਤੇ ਖੜਗ ਪੁਰ ਵਿਖੇ ਹਜਾਰਾਂ ਸਿੱਖ ਰਹਿੰਦੇ ਹਨ। ਇਕ ਬੰਗਾਲੀ ਉਦਾਸੀ ਸਰਨ ਦਾਸ ਦੀ ਹਿੰਮਤ ਕਰਕੇ ਇਹ ਗੁਰਦੁਆਰਾ ਸਾਹਿਬ ਬਚਿਆ ਹੋਇਆ ਹੈ ਜਿਸ ਨੇ ਸਿੱਖਾਂ ਨੂੰ ਨਾਲ ਜੋੜ ਲਿਆ। ਬਹੁਤੀ ਥਾਂਈ ਭਾਵ ਪੰਜਾਬੋਂ ਸਥਾਨਕ ਸੰਗਤ ਦੀ ਅਣਹੋਂਦ ਕਰਕੇ ਬਾਹਰ ਦੇ ਹਜਾਰਾਂ ਅਸਥਾਨ ਅਲੋਪ ਹੋ ਗਏ ਹਨ।

ਚੰਦਰਕੋਨਾ ਤੋਂ ਮੇਦਿਨੀਪੁਰ 44 ਕਿ. ਮੀ. ਉੱਤਰ ਹੈ।

ਸੀਨਾ ਬਸੀਨਾ ਚਲਦੀ ਆ ਰਹੀ ਗਲ ਮੁਤਾਬਿਕ ਗੁਰੂ ਸਾਹਿਬ ਕਲਕੱਤਾ ਤੋਂ ਇਥੇ ਆਏ ਤੇ ਅੱਗੇ ਜਗਨ ਨਾਥ ਪੁਰੀ ਨੂੰ ਚਲਦੇ ਬਣੇ।

ਪੈੜ ਸਰੋਤ

- ਸਾਈਕਲ ਯਾਤਰੀ - 119
- ਮਨੀ ਸਿੰਘ- 404 ਅਨੁਸਾਰ ਇਹ ਘਟਨਾ ਸਿੰਗਲਾਦੀਪ (ਲੰਕਾ) ਵਾਪਰੀ।

ਪਰ ਇਤਿਹਾਸ ਦੇ ਅਸੂਲ ਮੁਤਾਬਿਕ ਮੁਕਾਮੀ ਅਫਸਾਨਾ (ਦੰਤ ਕਥਾ) ਦੀ ਮਕਬੂਲੀਅਤ ਦੂਰ ਬੈਠੇ ਕਿਸੇ ਇਤਿਹਾਸਕਾਰ ਦੇ ਲਿਖੇ ਇਤਿਹਾਸ ਤੋਂ ਜਿਆਦਾ ਭਰੋਸੇਮੰਦ ਹੁੰਦੀ ਹੈ। (ਚੰਦਰਕੋਨਾ ਗੁਰਦੁਆਰੇ ਦੀਆਂ ਤਸਵੀਰਾਂ ਸਾਨੂੰ ਓਥੋਂ ਦੇ ਗ੍ਰੰਥੀ ਸਿੰਘ ਸਤਨਾਮ ਸਿੰਘ ਨੇ ਭੇਜੀਆਂ ਨੇ।)